
ਜਗਜੀਤ ਸਿੰਘ ਕੰਗ


ਮਲਹਾਰ ਸਿੰਘ ਜਰਮਨੀ


ਬਲਬੀਰ ਬੀਰਾ


ਗੁਰਬਚਨ ਸਿੰਘ ਬਾਜਵਾ


ਆਰ.ਬੀ. ਸੋਹਲ


ਮਲਕੀਅਤ 'ਸੁਹਲ'


ਦਰਸ਼ਨ ਬਿੱਲਾ


ਦਰਬਾਰਾ ਸਿੰਘ ਭੱਟੀ


ਨਿਰੰਜਣ ਸਿੰਘ ਪਾਰਸ


ਰਵੇਲ ਸਿੰਘ ਇਟਲੀ


ਦਰਸ਼ਨ ਲੱਧੜ


ਕਸ਼ਮੀਰ ਠੇਕੇਦਾਰ


ਅਜਮੇਰ ਪਾਹੜਾ


ਮਹੇਸ਼ ਚੰਦਰਭਾਨੀ


ਬਲਵਿੰਦਰ ਬਿੰਦਰ


ਕੈਪਟਨ ਜਸਵੰਤ ਸਿੰਘ


ਮਨੋਹਣ ਧਰਾਵਲੀ


ਸੁੱਚਾ ਸਿੰਘ ਮੁਲਤਾਨੀ


ਕਿਰਪਾਲ ਸਿੰਘ ਯੋਗੀ


ਹਰਭਜਨ ਸਿੰਘ ਬਾਜਵਾ

ਮਹਿਰਮ ਰਿਸ਼ਮਾਂ

ਮਹਿਰਮ ਸਾਹਿਤ ਸਭਾ, ਨਵਾਂ ਸ਼ਾਲ੍ਹਾ (ਗੁਰਦਾਸਪੁਰ)

# ਮਹਿਰਮ ਰਿਸ਼ਮਾਂ

ਪੇਸ਼ਕਸ਼

ਮਹਿਰਮ ਸਾਹਿਤ ਸਭਾ, ਨਵਾਂ ਸ਼ਾਲ੍ਹਾ (ਗੁਰਦਾਸਪੁਰ)

www.PunjabiLibrary.com

ਮਹਿਰਮ ਰਿਸ਼ਮਾਂ

ਸਮਰਪਿਤ
ਹਾਸ ਰਸ ਦੇ ਬਾਦਸ਼ਾਹ ਸ੍ਰੀ ਚਮਨ ਹਰਗੋਬਿੰਦਪੁਰੀ ਜੀ ਨੂੰ

ਪੇਸ਼ਕਸ਼
ਮਹਿਰਮ ਸਾਹਿਤ ਸਭਾ, ਨਵਾਂ ਸ਼ਾਲ੍ਹਾ(ਗੁਰਦਾਸ ਪੁਰ)



ਮਹਿਰਮ ਰਿਸ਼ਮਾਂ
ਪੇਸ਼ਕਸ਼ : ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ ( ਗੁਰਦਾਸ ਪੁਰ)

ਸਰਪ੍ਰਸਤ ਰਵੇਲ ਸਿੰਘ ਇਟਲੀ

1st Edition: 2017

@ Copyright 2017 Pustak Mala Parkashan
Produced and Bound in India

Publisher
Mehram Rishma
(A selection of Composite Punjabi poetry written by
The Poets of Mehram Sahit Sabha New Shalla.
PO-Pul Tibri, District Gurdaspur)

ਸੰਪਰਕ
ਮਲਕੀਅਤ ਸਿੰਘ "ਸੁਹਲ"
ਗ਼ਜ਼ਲ ਨਿਵਾਸ, ਨੌਸ਼ਹਿਰਾ ਬਹਾਦਰ।
ਡਾਕ-ਪੁਲ ਤਿੱਬੜੀ (ਗੁਰਦਾਸਪੁਰ)
ਮੋਬਾ-98728-48610
Email-malkiatsohal42@gmail.com

Buy Online at
www.pustakmala.com

Price
160 Rs/-

Type Setting by
Parvinder Jit Singh, Phagwara

Printed by
Walia Paper & Stationer's, Jalandhar City

# ਤਤਕਰਾ

## ਭਾਗ ਪਹਿਲਾ


ਸੰਦੇਸ਼-ਐਡਵੋਕੇਟ ਸੁੱਚਾ ਸਿੰਘ ਮੁਲਤਾਨੀ 5
ਸ਼ਬਦਾਂ ਦਾ ਸ਼ਹਿਨਸ਼ਾਹ-ਪ੍ਰੋ. ਕਿਰਪਾਲ ਸਿੰਘ ਯੋਗੀ 6
ਸਟੇਜ ਦਾ ਧਨੀ ਮਹਿਰਮ-ਮਨਮੋਹਣ ਸਿੰਘ ਕੰਧਾਲਵੀ 8
ਯਾਰਾਂ ਦਾ ਸੀ ਯਾਰ ਮਹਿਰਮ-ਹਰਭਜਨ ਸਿੰਘ ਬਾਜਵਾ(ਬਟਾਲਾ) 9
"ਮਹਿਰਮ" ਮਹਿਰਮ ਹੀ ਸੀ-ਰਵੇਲ ਸਿੰਘ ਇੱਟਲੀ 11
ਮਹਿਰਮ ਜੀ ਨਾਲ ਬਿਤਾਏ ਕੁਝ ਪਲ-ਮਲਕੀਅਤ ਸਿੰਘ "ਸੁਹਲ" 13
ਸਿਰਜਨਹਾਰ- "ਪਾਣੀ ਤੇ ਲਕੀਰਾਂ" ਵਿਚੋਂ 20
ਮਹਿਰਮ ਸਾਹਿਤ ਸਭਾ ਤੇ ਪੰਛੀ ਝਾਤ-ਮਹੇਸ਼ ਚੰਦਰਭਾਨੀ 36


## ਦੂਜਾ ਭਾਗ-ਗੀਤ,ਗ਼ਜ਼ਲ ਤੇ ਕਵਿਤਾਵਾਂ


ਦਰਬਾਰਾ ਸਿੰਘ ਭੱਟੀ 40
ਆਰ.ਬੀ.ਸੋਹਲ 47
ਮਹੇਸ਼ ਚੰਦਰਭਾਨੀ 51
ਬਲਬੀਰ ਬੀਰਾ (ਬਾਬਾ ਬੀਰਾ) 57
ਸ਼ਿਵ ਪਪੀਹਾ 61
ਗੁਰਬਚਨ ਸਿੰਘ 'ਬਚਨ ਬਾਜਵਾ' 62
ਨਰਿੰਜਣ ਸਿੰਘ ਪਾਰਸ 67
ਜਗਜੀਤ ਸਿੰਘ ਕੰਗ 45
ਦਰਸ਼ਨ ਲੱਧੜ 70
ਕੈਪਟਨ ਜਸਵੰਤ ਰਿਆੜ 74
ਦਰਸ਼ਨ ਬਿਲਾ 'ਖੇੜੇਵਾਲਾ' 77
ਅਜਮੇਰ ਪਾਹੜਾ 83
ਬਲਵਿੰਦਰ ਸਿੰਘ ਬਿੰਦਰ 84
ਮਲਹਾਰ ਸਿੰਘ ਜਰਮਨੀ 89
ਮਲਕੀਅਤ "ਸੁਹਲ" 95
ਰਵੇਲ ਸਿੰਘ ਇਟਲੀ 102

## ਸੰਦੇਸ਼

ਮੈਨੂੰ ਇਹ ਜਾਣਕੇ ਬਹੁਤ ਹੀ ਖੁਸ਼ੀ ਹੋਈ ਕਿ ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ ਵੱਲੋਂ ਆਪਣੇ ਵੇਲੇ ਦੇ ਪ੍ਰਸਿੱਧ ਕਵੀ ਦੀਵਾਨ ਸਿੰਘ "ਮਹਿਰਮ " ਦੇ ਜੀਵਨ ਅਤੇ ਉਨ੍ਹਾਂ ਦੀ ਸਾਹਿਤਕ ਦੇਣ ਬਾਰੇ ਉਨ੍ਹਾਂ ਦੀਆਂ ਲਿਖਤਾਂ ਤੇ ਅਤੇ ਜੀਵਨੀ ਬਾਰੇ ਪੁਸਤਕ "ਮਹਿਰਮ ਰਿਸ਼ਮਾਂ" ਤਿਆਰ ਕੀਤੀ ਹੈ। ਮੈਂ ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ (ਗੁਦਾਸਪੁਰ) ਦੇ ਸਮੂਹ ਮੈਂਬਰਾਂ ਨੂੰ ਇਸ ਸ਼ੁਭ ਮੌਕੇ ਤੇ ਮੁਬਾਰਕ ਬਾਦ ਅਤੇ ਸ਼ੁਭ ਕਾਮਨਾਵਾਂ ਦਿੰਦਾ ਹਾਂ।

ਸੁੱਚਾ ਸਿੰਘ ਮੁਲਤਾਨੀ,
ਐਡੋਕੇਟ, ਸਰਪੰਚ ਨਵਾਂ ਸ਼ਾਲ੍ਹਾ (ਚਾਵਾ)
ਗੁਰਦਾਸਪੁਰ
15 ਜੁਲਾਈ, 2017
ਫੋਨ : +91 98151 58621

## ਸ਼ਬਦਾਂ ਦਾ ਸ਼ਹਿਨਸ਼ਾਹ

ਸ. ਦੀਵਾਨ ਸਿੰਘ ਮਹਿਰਮ ਆਪਣੇ ਸਮਕਾਲੀ ਕਵੀਆਂ ਵਿਚ ਬੜਾ ਆਦਰ ਯਗੋ ਸਥਾਨ ਰਖਦਾ ਸੀ।ਉਸ ਦੇ ਵਿਸ਼ਾਲ ਸ਼ਬਦ ਭੰਡਾਰ ਤੋਂ ਪ੍ਰਭਾਵਿਤ ਹੋ ਕੇ ਉਸਦੇ ਪ੍ਰਸ਼ੰਸਕ ਅਕਸਰ ਉਸ ਨੂੰ "ਸ਼ਬਦਾਂ ਦਾ ਸ਼ਹਿਨਸ਼ਾਹ" ਆਖਿਆ ਕਰਦੇ ਸਨ। ਉਸ ਦਾ ਗਿਆਨ ਭੰਡਾਰ,ਇਤਿਹਾਸਕ,ਮਿਥਿਹਾਸਕ ਅਤੇ ਧਾਰਮਿਕ ਜਾਣਕਾਰੀ ਨਾਲ ਭਰਪੂਰ ਸੀ। ਪਿੰਗਲ ਤੇ ਅਰੂਜ਼ ਦੇ ਭੰਡਾਰ ਵਿਚ ਨਿਪੁੰਨ ਹੋਣ ਕਾਰਨ ਕਈ ਕਹਿੰਦੇ ਕਹਾਉਂਦੇ ਕਵੀ ਜਨ ਵੀ ਉਸ ਪਾਸੋਂ ਅਗਵਾਈ ਪ੍ਰਾਪਤ ਕਰਨ ਵਿਚ ਮਾਣ ਮਹਿਸੂਸ ਕਰਦੇ ਸਨ। ਸਟੇਜ ਉਤੇ ਕਵਿਤਾ ਪੜ੍ਹਨ ਦਾ ਉਸ ਦਾ ਨਿਰਾਲਾ ਅੰਦਾਜ਼ ਸੀ।ਅਜਿਹੇ ਮੌਕੇ ਉਸ ਦੇ ਸਰੀਰ ਦਾ ਅੰਗ ਅੰਗ ਕਵਿਤਾ ਉਚਾਰਦਾ ਪ੍ਰਤੀਤ ਹੁੰਦਾ ਸੀ।ਹੱਥਾਂ ਦੇ ਇਸ਼ਾਰੇ ਬਾਹਵਾਂ ਦਾ ਉਲਾਰ,ਗਰਦਨ ਦਾ ਘੁੰਮਣਾ, ਆਵਾਜ਼ ਦਾ ਉਤਾਰ ਚੜ੍ਹਾਤੇ ਹੋਰ ਹਰਕਤਾਂ ਸ੍ਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੀਆਂ ਸਨ। ਉਸ ਦੀਆਂ ਨਿੱਕੀਆਂ ਨਿੱਕੀਆਂ ਅੱਖਾਂ ਵਿਚ ਅਨੋਖੀ ਚਮਕ ਹੁੰਦੀ ਸੀ।ਜਦੋਂ ਉਹ ਕਿਸੇ ਵਿਅਕਤੀ ਨਾਲ ਅੱਖਾਂ ਵਿੱਚ ਅੱਖਾਂ ਪਾ ਕੇ ਗੱਲ ਕਰਦਾ ਤਾਂ ਉਹ ਵਿਅਕਤੀ ਇਕ ਤਰ੍ਹਾਂ ਨਾਲ ਹਿਪਟੋਨਾਈਜ਼ ਹੀ ਹੋ ਜਾਂਦਾ ਸੀ।

'ਮਹਿਰਮ' ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਹਨ,ਅਜਿਹਾ ਪੁਰਸ਼, ਜਿਸ ਨੂੰ ਹਰਮ (ਜ਼ਨਾਨ ਖਾਨੇ) ਵਿਚ ਜਾਣ ਦੀ ਆਗਿਆ ਹੋਵੇ।ਭੇਤੀ ਨੂੰ ਮਹਿਰਮ ਕਿਹਾ ਜਾਂਦਾ ਹੈ।ਤੇ ਮਹਿਰਮ ਅਜਿਹੇ ਵਿਅਕਤੀ ਨੂੰ ਵੀ ਕਿਹਾ ਜਾਂਦਾ ਹੈ ਜੋ ਦੂਜੇ ਦੀ ਗੱਲ ਜਾਂ ਭੇਤ ਜਾਨਣ ਦੀ ਸਮਰਥਾ ਰਖਦਾ ਹੋਵੇ। ਡਾ. ਇਕਬਾਲ ਵੀ ਆਪਣੀ ਇਕ ਨਜ਼ਮ ਵਿਚ ਕਿਸੇ ਅਜਿਹੇ ਮਹਿਰਮ ਦੀ ਲੋੜ ਮਹਿਸੂਸ ਕਰਦਾ ਹੈ ਜੋ ਉਸ ਦੇ ਦਿਲ ਦਾ ਭੇਤ ਜਾਣ ਸਕੇ:

ਇਕਬਾਲ ਕੋਈ ਮਹਿਰਮ ਅਪਣਾ ਨਹੀਂ ਜਹਾਂ ਮੇਂ,
ਮਾਲੂਮ ਕਿਆ ਕਿਸੀ ਕੋ ਦਰਦੇ ਨਿਹਾਂ ਹਮਾਰਾ।

ਦੀਵਾਨ ਸਿੰਘ ਮਹਿਰਮ ਲੋਕਾਈ ਦੇ ਦਿਲਾਂ ਦੇ ਭੇਤ ਜਾਣ ਲੈਂਦਾ ਸੀ। ਇਸੇ

ਲਈ ਕਵਿਤਾ ਦੇ ਮਾਧਿਅਮ ਰਾਹੀਂ ਉਹ ਲੋਕਾਈ ਦਰਦ ਦੀ ਤਰਜਮਾਨੀ ਕਰਨ ਦੇ ਸਮਰੱਥ ਸੀ।

ਮਹਿਰਮ ਸੁਭਾਵਿਕ ਤੌਰ ਤੇ ਬੇ ਪ੍ਰਵਾਹ ਕਿਸਮ ਦਾ ਵਿਅਕਤੀ ਸੀ। ਇਸ ਫਾਨੀ ਜਹਾਨ ਤੋਂ ਰੁਖਸਤ ਹੋਣ ਤੋਂ ਪਹਿਲਾਂ ਉਸ ਨੇ ਆਪਣੀਆਂ ਰਚੀਆਂ ਲਗ ਪਗ 12 ਛੋਟੀਆਂ ਵਡੀਆਂ ਪੁਸਤਕਾਂ ਦੇ ਵਖਰੇ ਵਿਸ਼ਿਆਂ ਤੇ ਲਿਖੇ ਸੰਗ੍ਰਹਿ ਨੂੰ ਸਾਹਿਤ ਜਗਤ ਦੀ ਝੋਲੀ ਪਾਇਆ। ਜਿਨ੍ਹਾਂ ਵਿਚੋਂ "ਪਾਣੀ ਤੇ ਲਕੀਰਾਂ" ਗਜ਼ਲਾਂ ਦਾ ਸੰਗ੍ਰਹਿ ਉਸ ਸ਼ਾਹਕਾਰ ਕਿਹਾ ਜਾ ਸਕਦਾ ਹੈ। "ਮਹਿਰ ਰਿਸ਼ਮਾਂ" ਪੁਸਤਕ ਦੀ ਪ੍ਰਕਾਸ਼ਨਾਂ ਡਾ.ਮਲਕੀਅਤ 'ਸੁਹਲ' ਅਤੇ ਉਨ੍ਹਾਂ ਦੇ ਸੁਹਿਰਦ ਸਾਥੀ ਸ, ਰਵੇਲ ਸਿੰਘ ਇਟਲੀ ਹੋਰਾਂ ਦੀ ਮਿਹਨਤ ਦਾ ਸਿੱਟਾ ਹੈ । ਉਨ੍ਹਾਂ ਦੇ ਸੁਚੱਜੇ ਉਦਮ ਦੀ ਮੈਂ ਸੱਚੇ ਦਿਲੋਂ ਪ੍ਰਸੰਸਾ ਕਰਦਾ ਹਾਂ। ਨਿਰਸੰਦੇਹ ਮਹਿਰਮ ਜੀ ਦੀ ਯਾਦ ਨੂੰ ਸਦੀਵੀ ਬਨਾਉਣ ਵਾਸਤੇ ਇਹ ਇਕ ਨਿੱਗਰ ਉਪਰਾਲਾ ਹੈ।

**ਕਿਰਪਾਲ ਸਿੰਘ ਯੋਗੀ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ,**
**ਗੁਰਦਾਸਪੁਰ**
**ਫੋਨ : +91 81468 78500**

## ਸਟੇਜ ਦਾ ਧਨੀ
## ਦੀਵਾਨ ਸਿੰਘ ਮਹਿਰਮ

ਮੈਂ ਦਸਵੀਂ ਪਾਸ ਕਰਕੇ ਪੰਜਾਬੀ ਦਾ ਰਸਾਲਾ "ਕਵਿਤਾ" ਜੋ ਖਰੜ ਤੋਂ ਨਿਕਲਦਾ ਸੀ ਪੜ੍ਹਿਆ ਕਰਦਾ ਸਾਂ।ਇਕ ਹੋਰ ਛੋਟੀ ਜਿਹੀ ਮੈਗਜ਼ੀਨ "ਫੁਲਵਾੜੀ" ਵੀ ਬੜੇ ਸ਼ੌਂਕ ਨਾਲ ਪੜ੍ਹਿਆ ਕਰਦਾ ਸਾਂ। ਤਦ ਤੀਕ ਮੇਨੂੰ ਲਿਖਣ ਦਾ ਹੁਨਰ ਨਹੀਂ ਸੀ ਆਉਂਦਾ।ਉਂਜ ਜੀਅ ਕਰਦਾ ਸੀ ਜੋ ਮੈਂ ਚੰਗੇ ਚੰਗੇ ਕਵੀਆਂ ਨੂੰ ਮਿਲਾਂ, ਇਹ ਗੱਲ ਲਗ ਪਗ 1959 ਦੀ ਹੈ।

ਗੁਰਦਾਸਪੁਰ ਵਿਚ ਕਿਸੇ ਸਭਾ ਦੀ ਸਥਾਪਨਾ ਨਹੀਂ ਹੋਈ ਸੀ।ਪਰ ਸ.ਦੀਵਾਨ ਸਿੰਘ ਮਹਿਰਮ. ਬਲਵੰਤ ਸਿੰਘ ਜੋਸ਼, ਜਨਕ ਰਾਜ ਸਰਾਫ, ਆਰ ਨੀਲਮ, ਰਲ ਮਿਲ ਕੇ ਸਾਵਣ ਕਵੀ ਦਰਬਾਰ ਲਗਾਉਂਦੇ ਹੁੰਦੇ ਸਨ। ਸਟੇਜ ਤੇ ਕਵਿਤਾ ਪੜ੍ਹਨ ਵੇਲੇ ਅੰਦਾਜ਼ ਵੇਖਣ ਵਾਲਾ ਹੁੰਦਾ ਸੀ।ਉਨ੍ਹਾਂ ਨੇ ਵਾਰ ਲਿਖ ਕੇ ਵਧੀਆ ਕੰਮ ਕੀਤਾ, ਭਾਂਵੇਂ ਗ਼ਜ਼ਲ ਲਿਖਣ ਦਾ ਰਵਾਜ ਜਿਹਾ ਪੈ ਗਿਆ ਹੈ। ਪਰ ਜੋ ਜੋਸ਼ ਵਾਰ ਰਾਹੀਂ ਪੈਦਾ ਹੁੰਦਾ ਹੈ,ਉਹ ਕਵਿਤਾ ਦੇ ਕਿਸੇ ਰੂਪ ਵਿਚ ਨਹੀਂ ਮਿਲਦਾ।

ਪ੍ਰੋ. ਪੂਰਨ ਸਿੰਘ ਦੀ ਕਵਿਤਾ,"ਪੰਜਾਬ ਜੀਉਂਦਾ ਗੁਰੂ ਦੇ ਨਾਮ ਤੇ" ਅਮ੍ਰਿਤਾ ਪ੍ਰੀਤਮ" ਦੀ ਕਵਿਤਾ ਅੱਜ ਆਖਾਂ ਵਾਰਸ ਸ਼ਾਹ ਨੂੰ" ਧਨੀ ਰਾਮ ਚਾਤ੍ਰਿਕ ਅਤੇ ਕਿਰਪਾ ਸਾਗਰ, ਜੀ ਦੀਆਂ ਕਵਿਤਾਵਾਂ, ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ, ਸ. ਦੀਵਾਨ ਸਿੰਘ ਮਹਿਰਮ ਜੀ ਦੀ ਲਿਖੀ ਵਾਰ," ਮੈਨੂੰ ਫੜ ਲਓ ਲੰਦਨ ਵਾਸੀਓ ਮੈਂ ਖੜਾ ਪੁਕਾਰਾਂ" ਪੰਜਾਬੀ ਸਾਹਿਤ ਵਿਚ ਸਥਾਈ ਸਥਾਨ ਨਾਲ ਸੁਸ਼ੋਭਿਤ ਰਹੇਗੀ। ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ ਵੱਲੋਂ ਉਨ੍ਹਾਂ ਬਾਰੇ ਲਿਖੀ ਜਾ ਰਹੀ ਪੁਸਤਕ " ਮਹਿਰਮ ਰਿਸ਼ਮਾਂ" ਤੇ ਮੈਂ ਆਪਣੀ ਖੁਸ਼ੀ ਦਾ ਦਿਲੋਂ ਇਜ਼ਹਾਰ ਕਰਦਾ ਹਾਂ।

**ਮਨਮੋਹਣ ਸਿੰਘ ਧਕਾਲੀਵੀ,**
**9417495319**

# ਯਾਰਾਂ ਦਾ ਯਾਰ ਸੀ
# ਸ੍.ਦੀਵਾਨ ਸਿੰਘ ਮਹਿਰਮ

ਦੀਵਾਨ ਸਿੰਘ ਮਹਿਰਮ ਦਾ ਰੈਣ ਬਸੇਰਾ ਕਾਦੀਆਂ ਵਿਖੇ ਸੀ । ਕਿਉਂਕਿ ਉਨ੍ਹਾਂ ਦਾ ਸਾਰਾ ਪਰਿਵਾਰ ਕਾਦੀਆਂ ਹੀ ਰਹਿੰਦਾ ਸੀ।ਮਹਿਰਮ ਸਾਹਿਤਕ ਰੁਚੀਆਂ ਤੇ ਰੋਮਾਂਟਿਕ ਸੁਭਾ ਦਾ ਮਾਲਕ ਸੀ। ਬਟਾਲੇ ਸਾਹਿਤਕਾਰਾਂ ਦੀਆਂ ਮਹਿਫਲਾਂ ਲਗਦੀਆਂ ਹੀ ਰਹਿੰਦੀਆਂ ਸਨ। ਮਹਿਰਮ ਜੀ ਨੂੰ ਵੀ ਕਵੀ ਦਰਬਾਰ ਵਿੱਚ ਸਦਿਆ ਹੀ ਜਾਂਦਾ ਸੀ। ਉਨ੍ਹਾਂ ਦਿਨਾਂ ਵਿਚ ਬਰਕਤ ਰਾਮ ਯੁਮਨ ਦੀ ਚੜ੍ਹਤ ਸੀ।ਅੱਗੇ ਉਸ ਦਾ ਸ਼ਾਗਿਰਦ ਕੁਮਾਰ ਬਟਾਲਵੀ ਸੀ। ਮੇਲਾ ਰਾਮ ਤਾਇਰ ਸੀ। ਉਹਉਰਦੂ ਤੇ ਪੰਜਾਬੀ ਵਿਚ ਲਿਖਦਾ ਸੀ। ਇਹ ਸਾਰੀ ਮਹਿਫਲ ਮਹਿਰਮ ਜੀ ਨੂੰ ਕਾਦੀਆਂ ਨਹੀਂ ਸੀ ਮਿਲਦੀ।

ਮਹਿਰਮ ਜੀ ਨੇ ਬਟਾਲੇ ਸਿਨੇਮਾ ਰੋਡ ਗਿਆਨੀ ਕਾਲਜ ਖੋਲ੍ਹ ਲਿਆ। ਉਹ ਵੀ ਮੇਰੇ ਨੇੜੇ ਸੀ, ਕਿਉਂਕਿ ਮੇਰੀ ਸਿਨੇਮਾ ਰੋਡ ਤੇ ਫੋਟੋਗਰਾਫਰੀ ਦੀ ਦੁਕਾਨ ਸੀ।ਮੇਰੇ ਕੋਲ ਵੀ ਬਹੁਤ ਸਾਰੇ ਸਾਹਿਤਕਾਰ ਆਉਂਦੇ ਜਾਂਦੇ ਰਹਿੰਦੇ ਸਨ। ਮਹਿਰਮ ਜੀ ਦੇ ਵੀ ਦਰਸ਼ਨ ਹੁੰਦੇ ਰਹਿੰਦੇ ਸਨ। ਮਹਿਰਮ ਜੀ ਆਪ ਭਾਂਵੇ ਛੋਟੇ ਕੱਦ ਦਾ ਸੀ।ਪਰ ਰੋਮਾਂਟਿਕ ਤੇ ਚੁਸਤ ਬਹੁਤ ਸੀ।ਕਦੀ ਸ, ਜਸਵੰਤ ਸਿੰਘ ਰਾਹੀ ਡੇਰਾ ਬਾਬਾ ਨਾਨਕ ਵਾਲੇ ਨੇ ਆ ਜਾਣਾ ਤੇ ਉਸ ਨੇ ਮਹਿਰਮ ਜੀ ਕੋਲ ਜਾਣਾ। ਕਈ ਵਾਰੀ ਗੁਰਬਚਨ ਸਿੰਘ ਰਮਜ਼ੀ ਗਿਰਦਾਵਰ ਤੇ ਰਾਹੀ ਜੀ ਨੇ ਆ ਜਾਣਾ। ਖਾਸ ਕਰਕੇ ਇਹ ਸ਼ਾਮ ਨੂੰ ਹੀ ਆਉਂਦੇ ਸਨ। ਕਿਉਂਕਿ ਸਵੇਰ ਦੇ ਸਮੇਂ ਮਹਿਰਮ ਜੀ ਨੇ ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਹੁੰਦਾ ਸੀ। ਇਸ ਲਈ ਇਨ੍ਹਾਂ ਸਾਰਿਆਂ ਦੀ ਮਹਿਫਲ ਸ਼ਾਮ ਨੂੰ ਹੀ ਲਗਦੀ ਹੁੰਦੀ ਸੀ। ਕਈ ਵਾਰੀ ਰਾਹੀ ਜੀ ਤੇ ਰਮਜ਼ੀ ਨੇ ਮੈਨੂੰ ਵੀ ਥੋੜ੍ਹੇ ਸਮੇਂ ਲਈ ਨਾਲ ਲੈ ਜਾਣਾ। ਸਾਰੇ ਫਿਰ ਇਸ਼ਕੀ —ਮਾਸ਼ੂਕੀ ਦੀਆਂ ਗੱਲਾਂ ਕਰਨ ਲੱਗ ਪੈਣਾ। ਤੇ ਆਸ਼ਕੀ ਮਾਸ਼ੂਕੀ ਦੇ ਚੁਟਕਲੇ ਵੀ ਸੁਣਾਉਣੇ।

ਇਕ ਦਿਨ ਛੁੱਟੀ ਵਾਲਾ ਦਿਨ ਸੀ। ਰਾਹੀ ਤੇ ਰਮਜ਼ੀ ਨੇ ਮਹਿਰਮ ਜੀ ਨੂੰ ਡੇਰਾ ਬਾਬਾ ਨਾਨਕ ਜਾਣ ਲਈ ਮਨਾ ਲਿਆ ਸੀ।ਰਾਹੀ ਆਖਣ ਲੱਗਾ ਮਹਿਰਮ ਜੀ ਤੁਹਾਨੂੰ ਡੇਰੇ ਦੀ ਸੈਰ ਕਰਵਾਈ ਜਾਵੇਗੀ।ਨਾਲੇ ਤੁਹਾਨੂੰ ਪਾਕਿਸਤਾਨ ਦਾ ਬਾਰਡਰ ਵੀ ਵਿਖਾਵਾਂਗੇ ਬਾਜਵੇ ਨੂੰ ਵੀ ਨਾਲ ਲੈ ਚੱਲਾਂਗੇ।ਮਹਿਰਮ ਜੀ ਨੇ ਹਾਂ ਕਰ ਦਿਤੀ, ਤੇ ਛੁੱਟੀ ਵਾਲੇ ਦਿਨ ਅਸੀਂ ਚਾਰੇ ਡੇਰੇ ਵਾਲੀ ਬੱਸ ਤੇ ਚੜ੍ਹ ਗਏ। ਰਾਹ ਵਿਚ ਰਮਜ਼ੀ ਦਾ ਪਿੰਡ ਰਾਏ ਚੱਕ ਸੀ।ਰਮਜ਼ੀ ਨੇ ਸਾਰਿਆਂ ਨੂੰ ਆਪਣੇ ਪਿੰਡ ਉਤਾਰ ਲਿਆ।ਰਸਤੇ ਵਿਚ ਰਮਜ਼ੀ ਦਾ ਯਾਰ ਸਰਪੰਚ ਮਿਲ ਗਿਆ ਉਸ ਨੇ ਰਮਜ਼ੀ ਨੂੰ ਆਖਿਆ "ਅੱਜ ਮੇਰੇ ਡੇਰੇ ਨੂੰ ਭਾਗ ਲਾਓ"। ਤੇ ਰਮਜ਼ੀ ਆਖਣ ਲਗੇ ਹੋਰ ਕੀ ਚਾਹੀਦਾ ਸਰਪੰਚਾ ਅੱਜ ਤੇਰੇ ਡੇਰੇ ਨੂੰ ਭਾਗ ਲਾ ਦਿੰਦੇ ਹਾਂ। ਉਸ ਦੇ ਟਿਊਬ ਵੈਲ ਤੇ ਚਲੇ ਗਏ। ਅੱਗੇ ਟਾਹਲੀਆਂ ਤੇ ਤੂਤਾਂ ਦੀ ਛਾਂਵੇਂ ਲੱਕੜ ਦਾ ਤਖਤ ਪੋਸ਼ ਥੜ੍ਹੇ ਵਾਂਗ ਖਿਲਰਿਆ ਪਿਆ ਸੀ।ਚਾਰੇ ਉਸ ਤੇ ਬੈਠ ਕੇ ਗੱਪ ਸ਼ਪ ਕਰਨ ਲੱਗ ਪਏ। ਰਮਜ਼ੀ ਮਹਿਰਮ ਨੂੰ ਛੇੜਨ ਲਗ ਪਿਆ, ਮਹਿਰਮ ਜੀ ਤੇਰੀ ਆਸ਼ਕੀ ਦਾ ਕੀ ਹਾਲ ਏ। ਮਹਿਰਮ ਆਖਦਾ ਸਾਡੀ ਆਸ਼ਕੀ ਤਾਂ ਹਵਾ ਵਾਂਗ ਆਉਂਦੀ ਏ ਤੇ ਬੁੱਲੇ ਵਾਂਗ ਚਲੀ ਜਾਂਦੀ ਏ। ਹਾਸੇ ਠੱਠੇ ਕਰਦਿਆਂ ਓਥੇ ਹੀ ਰਾਤ ਪੈ ਗਈ।ਹੁਣ ਨਾ ਤਾਂ ਕੋਈ ਬਸ ਬਟਾਲੇ ਜਨਾ ਡੇਰਾ ਬਾਬਾ ਨਾਨਕ ਵੱਲ ਜਾ ਰਹੀ ਸੀ। ਇਸ ਕਰਕੇ ਸਰਪੰਚ ਨੇ ਇਕੋ ਫੈਸਲਾ ਕੀਤਾ,ਏਥੇ ਮੇਰੇ ਕੋਲ ਹੀ ਰਵ੍ਹੋ ਤੇ ਸਵੇਰੇ ਆਪੋ ਆਪਣੇ ਥਾਂ ਚਲੇ ਜਾਣਾ।ਰਾਤ ਨੂੰ ਸਾਰੇ ਸਰਪੰਚ ਦੇ ਘਰ ਚਲੇ ਗਏ।ਰੋਟੀਆਂ ਖਾ ਕੇ ਫਿਰ ਗੱਲਾਂ ਕਰਨ ਲੱਗ ਪਏ। ਸਰਪੰਚ ਨੇ ਆਖਿਆ,ਰਾਤ ਬਹੁਤ ਲੰਘ ਗਈ ਏ, ਚੁੱਪ ਕਰੇ ਸੌਂ ਜਾਓ, ਗੱਲਾਂ ਫਿਰ ਹੁਣ ਸਵੇਰੇ ਕਰਾਂਗੇ।ਰਾਤ ਵਾਲੀਆਂ ਗੱਲਾਂ ਸਵੇਰ ਨੂੰ ਸਾਰਿਆਂ ਨੂੰ ਭੁੱਲ ਗਈਆਂ ਸਨ। ਬੜਾ ਹੀ ਮਿਲਾਪੜੇ ਸੁਭਾਅ ਵਾਲਾ ਮਹਿਰਮ ਯਾਰਾਂ ਦਾ ਯਾਰ ਸੀ ।ਜਦੋਂ ਵੀ ਮਿਲਦਾ ਹਸਦਾ ਖੇਡਦਾ ਮਿਲਦਾ ਸੀ।

**ਹਰਭਜਨ ਸਿੰਘ ਬਾਜਵਾ**
**ਬਟਾਲ**
**+91 98767 41231**

## “ਮਹਿਰਮ” ਮਹਿਰਮ ਹੀ ਸੀ

ਆਮ ਕਹਾਵਤ ਹੈ ਕਿ ਦੂਰ ਦੇ ਢੋਲ ਸੁਹਾਵਣੇ ਹੁੰਦੇ ਹਨ,ਜਾਂ ਫਿਰ ਪਹਾੜ ਦੂਰੋਂ ਹੀ ਹਰੇ ਲਗਦੇ ਨੇ ਪਰ ਇਹ ਗੱਲ “ਮਹਿਰਮ” ਤੇ ਬਹੁਤੀ ਨਹੀਂ ਢੁਕਦੀ ਉੱਸ ਨੂੰ ਮੈਂ ਦੋਰੋਂ ਵੇਖਿਆ ਵੀ ਸੁਣਿਆ ਵੀ ਅਤੇ ਨੇੜਿਉਂ ਵੀ ਤਕਿਆ ਹੈ ।ਉਹ ਜਿਸ ਤਰ੍ਹਾਂ ਦਾ ਨੇੜਿਉਂ ਸੀ ਉਹੋ ਜਿਹਾ ਦੂਰੋਂ ਵੀ, ਅੰਦਰੋਂ ਵੀ ਤੇ ਬਾਹਰੋਂ ਵੀ,ਚੁੱਪ ਵੀ ਸੀ, ਤੇ ਬੋਲਦਾ ਵੀ ਸੀ ਗਾਉਂਦਾ ਵੀ ਸੀ ਤੇ ਗੁਣਗੁਣਾਉਂਦਾ ਵੀ ਸੀ। ਇੱਕੋ ਵੇਲੇ ਉਸ ਵਿਚ ਕਈ ਗੁਣ ਵੀ ਸਨ ਅਤੇ ਔਗਣ ਵੀ ਸਨ ।ਪਰ ਸੌ ਔਗੁਣਾਂ ਦੇ ਹੁੰਦਿਆਂ ਵੀ ਉੱਸ ਦੇ ਗੁਣਾਂ ਤੇ ਉਸ ਦੇ ਔਗਣ ਭਾਰੂ ਨਹੀਂ ਸਨ ।ਉੱਸ ਦੀ ਚੁੱਪ ਵਿਚ ਵੀ ਬੜਾ ਕੁੱਝ ਹੁੰਦਾ ਸੀ ਉੱਸ ਦੀ ਚੁੱਪ ਪਿੱਛੋਂ ਜਦ ਉਹ ਗੁਣਗੁਣਾਉਂਦਾ ਤਾਂ ਕੋਈ ਕਵਿਤਾ ਜਾਂ ਗ਼ਜ਼ਲ ਆਪ ਮੁਹਾਰੇ ਜਨਮ ਲੈਂਦੀ ਜਾਪਦੀ ਸੀ । ਜਦੋਂ ਉਹ ਯਾਰਾਂ ਦੋਸਤਾਂ ਜਾਂ ਮਹਿਫਲਾਂ ਵਿਚ ਹੁੰਦਾ ਤਾਂ ਉੱਸ ਦੀ ਨੁਹਾਰ, ਬੋਲਣੀ, ਤਕਣੀ ਅਤੇ ਤਕੀਆ ਕਲਾਮ ਬਾਕੀਆਂ ਨਾਲੋਂ ਨਵੇਕਲਾ ਹੀ ਹੁੰਦਾ।

ਉਸ ਦੇ ਬੁਲ੍ਹਾਂ ਤੇ ਯਾਰਾਂ ਦੋਸਤਾਂ ਨਾਲ ਗੱਲਾਂ ਕਰਦਿਆਂ ਹਾਸੇ ਦੇ ਨਾਲ ਇੱਕ ਠਹਾਕਾ ਵੀ ਹੁੰਦਾ ।ਉੱਸ ਦੀ ਚਾਲ ਵਿੱਚ ਮਸਤੀ ਸੀ,ਬੇਪ੍ਰਵਾਹੀ ਸੀ, ।ਇੱਕੋ ਵੇਲੇ ਹੀ ਉਹ ਇੱਕ ਸਫਲ ਕਵੀ, ਸਮਾਜ ਸੁਧਾਰਕ, ਵਿਦਿਆ ਪ੍ਰੇਮੀ, ਅੱਗੇ ਵਧੂ ਵਿਚਾਰਾਂ ਵਾਲਾ, ਨਿਡਰ, ਸਿਰੜ੍ਹੀ, ਆਪਣੀ ਧੁਨ ਦਾ ਪੱਕਾ, ਸਾਫ ਗੋ, ਖੁਲ੍ਹ ਖਿਆਲੀ ਅਤੇ ਇਸ਼ਕ ਮਜ਼ਾਜ, ਜ਼ਿੰਦਗੀ ਨੂੰ ਪੂਰੀ ਤਰ੍ਹਾਂ ਹੰਢਾਉਣ ਵਾਲਾ, ਮਿਲਣ ਸਾਰ, ਪੁਰਾਣੇ ਅਕੀਦਿਆਂ ਨੂੰ ਝੰਜੋੜਨ ਵਾਲਾ, ਆਪਣੀ ਗੱਲ ਨੂੰ ਪੂਰੀ ਸ਼ਿਦਤ ਨਾਲ ਕਹਿਣ ਵਾਲਾ ਸ਼ਾਇਰ ਸੀ ।

ਏਨੇ ਗੁਣ ਆਮ ਸ਼ਾਇਰਾਂ ਵਿੱਚ ਮਿਲਣੇ ਆਮ ਗੱਲ ਨਹੀਂ। ਉੱਸ ਦਾ ਯਾਰਾਂ ਦੋਸਤਾਂ ਨਾਲ ਗੱਲਾਂ ਕਰਦਿਆਂ ਹਾਸੇ ਦੇ ਨਾਲ ਇਕ ਠਹਾਕਾ ਵੀ ਹੁੰਦਾ ਸੀ। ਸ਼ੁਰੂ ਸੁਰੂ ਵਿੱਚ ਉਹ ਗੁਰੂ ਗ੍ਰੰਥ ਸਾਹਿਬ ਦਾ ਇੱਕ ਬੜੀ ਚੰਗੀ ਸੁਰ ਤੇ ਲੈ ਨਾਲ ਅਖੰਡ ਪਾਠ ਕਰਨ ਵਾਲਾ ਪਾਠੀ ਵੀ ਰਿਹਾ ਸੀ ।ਉਹ ਜਦੋਂ ਵੀ ਕਿਸੇ ਰਿਸ਼ਤੇ ਦਾਰ ਦੇ ਖੁਸ਼ੀ ਗਮੀ ਦੇ ਰੱਖੇ ਗਏ ਅਖੰਡ ਪਾਠ ਤੇ ਜਾਂਦਾ ਤਾਂ ਉਸ ਨੂੰ ਕੋਈ ਨਾ ਕੋਈ ਕਵਿਤਾ ਸੁਨਾਉਣ ਲਈ ਉਚੇਚੇ ਤੌਰ ਤੇ ਕਿਹਾ ਜਾਂਦਾ ਉਹ ਬੜੀ ਸੁਰੀਲੀ ਆਵਾਜ਼ ਕੋਈ ਕਵਿਤਾ ਮੌਕੇ ਅਨੁਸਾਰ ਜਦ ਸੁਣਾਉਂਦਾ ਤਾਂ ਸੁਣਨ ਵਾਲੇ ਖੁਸ਼ੀ ਨਾਲ ਬਾਗੋ ਬਾਗ ਹੋ ਉੱਠਦੇ। ਗੱਲ ਕੀ “ਮਹਿਰਮ”, ਮਹਿਰਮ ਹੀ ਸੀ।

**ਰਵੇਲ ਸਿੰਘ ਇਟਲੀ**
**ਮੋ. +3272382827**

# ਮਹਿਰਮ ਜੀ ਨਾਲ
# ਕੁਝ ਬਿਤਾਏ ਪਲਾਂ ਦੀ ਯਾਦ

ਪੰਜਾਬੀ ਕਵੀ ਦਰਬਾਰਾਂ ਦੀ ਗੱਲ ਕਰੀਏ ਤਾਂ ਦੀਵਾਨ ਸਿੰਘ ਮਹਿਰਮ ਸਟੇਜੀ ਕਵੀਆਂ ਦੀ ਸੂਚੀ ਵਿੱਚ ਉੱਚੇ ਦਰਜੇ ਦਾ ਸ਼ਾਇਰ ਹੈ। ਉੱਸ ਦਾ ਜੀਵਣ ਪ੍ਰਵਾਰਿਕ ਸੰਘਰਸ਼ ਵਿੱਚ ਜੂਝਦੇ ਹੋਏ ਵੀ ਖੁਸ਼ੀ ਅਤੇ ਹੌਂਸਲੇ ਦਾ ਪ੍ਰਤੀਕ ਸੀ।1914 ਵਿਚ ਪਾਕਿਸਤਾਨ ਦੇ ਜੰਮ ਪਲ, ਦੀਵਾਨ ਸਿੰਘ ਮਹਿਰਮ ਨੇ ਫਾਰਸੀ ,ਉਰਦੂ ਅਤੇ ਪੰਜਾਬੀ ਵਿੱਚ ਵਿਦਿਆ ਹਾਸਲ ਕੀਤੀ, 1947 ਦੀ ਦੇਸ਼ ਦੀ ਵੰਡ ਸਮੇਂ ਨਵੇਂ ਬਣੇ ਪੰਜਾਬ ਵਿੱਚ ਆ ਗਏ। ਆਪਣੇ ਪਰਵਾਰ ਵਿੱਚੋਂ ਉਹ ਸੱਭ ਤੋਂ ਵੱਧ ਪੜ੍ਹੇ ਲਿਖੇ ਸਨ। ਮੈਨੂੰ ਉਨ੍ਹਾਂ ਨਾਲ ਮਿਲਣ ਦਾ ਕਦੇ ਕਦੇ ਮੌਕਾ ਮਿਲਦਾ ਰਹਿੰਦਾ।

ਮੈਂ ਸਕੂਲ ਦੀ ਪੜ੍ਹਾਈ ਕਰਨ ਉਪ੍ਰੰਤ ਬਟਾਲੇ ਸ਼ਹਿਰ ਜਾ ਕੇ ਇੱਕ ਫੈਕਟਰੀ ਵਿੱਚ ਕੰਮ ਸਿੱਖਣ ਲਈ ਚਲਾ ਗਿਆ। ਛੋਟੀ ਉਮਰ ਵਿੱਚ ਮੈਨੂੰ ਕਵਿਤਾ ਪੜ੍ਹਨ ਦਾ ਸ਼ੌਂਕ ਸੀ। ਮੈਨੂੰ ਸਕੂਲ ਦੀ ਬਾਲ ਸਭਾ ਵਿੱਚ ਕਵਿਤਾਵਾਂ ਪੜ੍ਹਨੀਆਂ ਅਤੇ ਕਵੀਆਂ ਦੀਆਂ ਲਿਖੀਆਂ ਕਵਿਤਾਵਾਂ ਜਲਸਿਆਂ ਦੀਆਂ ਸਟੇਜਾਂ ਤੇ ਪੜ੍ਹਨ ਦਾ ਸ਼ੌਂਕ ਵਧਦਾ ਰਿਹਾ। ਉਦੋਂ ਬਟਾਲਾ ਸ਼ਹਿਰ ਕਵੀਆਂ ਦਾ ਸ਼ਹਿਰ ਮੰਨਿਆ ਜਾਂਦਾ ਸੀ। ਇੱਥੋਂ ਦੇ ਮਸ਼ਹੂਰ ਕਵੀਆਂ ਵਿੱਚੋਂ ਸੱਭ ਤੋਂ ਪਹਿਲਾ ਸ਼ਿਵ ਕੁਮਾਰ ਦਾ ਨਾਂ ਆਉਂਦਾ ਹੈ, ਜਿਸ ਨੇ ਆਪਣੀਆਂ ਬਿਰਹੋਂ ਪੀੜਾਂ ਨੂੰ ਆਪਣੀਆਂ ਰਚਨਾਂਵਾਂ ਵਿਚ ਬੜੇ ਹੀ ਅਨੋਖੇ ਢੰਗ ਨਾਲ ਢੰਗ ਨਾਲ ਪ੍ਰਗਟਾਉਣ ਕਰਕੇ ਦੁਨੀਆ ਭਰ ਵਿਚ ਪੰਜਾਬੀ ਕਵੀ ਹੋਣ ਦੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਬਰਕਤ ਰਾਮ ਯੁਮਨ, ਮੇਲਾ ਰਾਮ ਤਾਇਰ, ਗੁਪਾਲ ਦਾਸ ਗੁਪਾਲ ਅਤੇ ਦੀਵਾਨ ਸਿੰਘ ਮਹਿਰਮ ਬਟਾਲੇ ਸ਼ਹਿਰ ਦੀ ਸ਼ਾਨ ਸਨ।

ਜਦੋਂ ਮੈਨੂੰ ਗੀਤ ਤੇ ਕਵਿਤਾਵਾਂ ਲਿਖਣ ਦੀ ਲਗਨ ਲੱਗੀ ਤਾਂ ਬੜੀ ਤੇਜ਼ੀ ਨਾਲ ਇੱਕ ਛੋਟਾ ਜਿਹਾ ਕਤਾਬਚਾ "ਉੱਗਦੇ ਫੁੱਲ" ਛਾਪਿਆ। ਜਦੋਂ ਮੇਰੀਆਂ ਕਵਿਤਾਵਾਂ ਪੰਜਾਬੀ ਮੈਗਜ਼ੀਨਾਂ, ਅਖਬਾਰਾਂ ਵਿੱਚ ਛਪਦੀਆਂ ਸਨ । ਮੇਰੀਆਂ ਕਵਿਤਾਵਾਂ ਪੰਜਾਬੀ ਮੈਗਜ਼ੀਨ ਸਮਰਾਟ ਵੀਕਲੀ ਵਿਚ ਲਗਾਤਾਰ ਛਪਣੀਆਂ ਸ਼ੁਰੂ ਹੋ ਗਈਆਂ। ਉਨ੍ਹਾਂ ਦਿਨਾਂ ਵਿੱਚ ਕਵੀ ਦਰਬਾਰਾਂ ਦੀ ਬੜੀ ਚੜ੍ਹਤ ਹੁੰਦੀ ਸੀ। ਖਾਸ ਕਰਕੇ ਸਉਣ ਮਹੀਨੇ ਤਾਂ ਸਉਣ ਕਵੀ ਦਰਬਾਰਾਂ ਦੀਆਂ ਰੌਣਕਾਂ ਛੋਟੇ ਵੱਡੇ ਸ਼ਹਿਰਾਂ ਕਸਬਿਆਂ, ਵਿੱਚ ਵੇਖਣ ਨੂੰ ਆਮ ਮਿਲਦੀਆਂ ਸਨ। ਲੋਕ ਬੜੇ ਚਾਵਾਂ ਨਾਲ ਕਵੀ ਦਰਬਾਰਾਂ ਵਿੱਚ ਪਹੁੰਚ ਕੇ ਵੇਖਦੇ ਸਨ। ਗੀਤਾਂ, ਗ਼ਜ਼ਲਾਂ ਤੇ ਕਵਿਤਾਵਾਂ ਉੱਪਰ ਤੋਂ ਉੱਪਰ ਦੀਆਂ ਸੁਣ ਕੇ ਲੋਕ ਅਨੰਦ ਮਾਣਦੇ ਸਨ। ਇਨ੍ਹਾਂ ਸਮਿਆਂ ਵਿੱਵ 1959-60 ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਤਾ ਬਟਾਲੇ ਵਿਚ ਲੇਖਕਾਂ ਦੀ, ਲੋਕ ਲਿਖਾਰੀ ਸਭਾ ਦੇ ਪ੍ਰਧਾਨ ਸੋਹਨ ਸਿੰਘ ਦਿਲਜੀਤ, ਮੈਨੂੰ ਜਨਰਲ ਸਕੱਤਰ, ਅਤੇ ਬਲਕਾਰ ਸਿੰਘ ਅਰਸ਼ੀ ਨੂੰ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ । ਉਨ੍ਹੀਂ ਦਿਨੀਂ ਮਹਿਰਮ ਬਟਾਲਾ ਦੇ ਖਾਲਸਾ ਹਾਈ ਸਕੂਲ ਵਿਚ ਗਿਆਨੀ ਦੇ ਅਧਿਆਪਕ ਸਨ। ਸ਼ਹਿਰ ਦੇ ਵਿਚਕਾਰ ਹੰਸਲੀ ਪੁਲ ਦੇ ਨਜ਼ਦੀਕ ਹੀ ਸਕੂਲ ਦੀ ਗਰਾਉਂਡ ਵਿੱਚ ਕਵੀ ਸੰਮੇਲਣ ਹੁੰਦੇ ਰਹਿੰਦੇ ਸਨ। 1960 ਵਿਚ ਮੈਂ ਜਦੋਂ ਦੀਵਾਨ ਸਿੰਘ ਮਹਿਰਮ ਦੀ ਗ਼ਜ਼ਲ ਕਵੀ ਦਰਬਾਰ ਵਿੱਚ ਸੁਣੀ ਜੋ ਇਉਂ ਹੈ।

ਭਰਿਆ ਮੇਲਾ ਛਡਨ ਵੇਲੇ ਹਰ ਵੇਲੇ ਤਯਾਰ ਰਹੋ।
ਰੌਣਕ ਰੋਣੇ ਹਾਸੇ ਹੰਝੂ ਸਭਨਾਂ ਤੇ ਅਸਵਾਰ ਰਹੋ।

ਮੋਹ ਦੀਆਂ ਫਾਹੀਆਂ ਦੁੱਖ ਦੀਆਂ ਪੰਡਾਂ,ਰੀਝਾਂ ਮਨ ਦੇ ਗੋਤੇ ਨੇ,
ਉਡਣ ਲਈ ਆਕਾਸ਼ਾਂ ਅੰਦਰ ਸਦਾ ਹੀ ਹੌਲੇ ਭਾਰ ਰਹੋ।

ਉਦਮ ਪੁਰਸ਼ਾਰਥ ਕਰਤੱਵ ਹੈ, ਯਤਨ ਬਚਾ ਕੇ ਰੱਖੋ ਕਿਉਂ,
ਬੇ ਪ੍ਰਵਾਹ ਨਤੀਜੇ ਵੱਲੋਂ ਸਦਾ ਬਰਖੁਰਦਾਰ ਰਹੋ।

ਇਸ ਦੁਨੀਆ ਦੇ ਪਰਲੇ ਪਾਸੇ ਹੋਰ ਸੁਨਹਿਰੀ ਦੁਨੀਆ ਇਕ,
ਨਵੀਆਂ ਥਾਵਾਂ ਨਵੀਆਂ ਛਾਂਵਾਂ ਵੇਖਣ ਲਈ ਹੁਸ਼ਿਆਰ ਰਹੋ।

ਪਤਾ ਨਹੀਂ ਕੀ ਗਤੀ ਸਮੇਂ ਦੀ ਕਲ ਨੂੰ ਕੀ ਦਿਖਲਾ ਦੇਵੇ,
ਅੱਜ ਸੂਰੇ ਵਰਿਆਮਾਂ ਵਾਂਗੂੰ ਰਣ ਭੂਮੀ ਦੇ ਯਾਰ ਰਹੋ।

ਕੀ ਲੈਣਾ ਹੈ ਪਾਰ ਪਹੁੰਚ ਕੇ ਰਾਹ ਦੀਆਂ ਖਿੱਚਾਂ ਛਡ ਦੇ,
ਤੂਫਾਨਾਂ ਦੇ ਮਜ਼ੇ ਲੈਣ ਲਈ, ਫਸਿਆ ਵਿੱਚ ਮੰਝਦਾਰ ਰਹੋ।

ਜਿਵੇਂ ਆਕਾਸ਼ਾਂ ਉੱਤੇ ਸੂਰਜ ਚੰਨ ਪਏ ਚਮਕ ਵਿਖਾਂਦੇ ਨੇ,
ਆਪਣੀ ਕਰਨੀ ਕਰਕੇ ਧਰਤੀ ਉੱਤੇ ਬਣ ਸਰਦਾਰ ਰਹੋ।

ਇਸ਼ਕ ਦੀਆਂ ਦਰਗਾਹਵਾਂ ਅੰਦਰ ਪਤ ਰਹਿ ਜਾਵੇ ਮਹਿਰਮ ਜੀ,
ਜਗਤ ਦੀਆਂ ਨਜ਼ਰਾਂ ਵਿੱਚ ਬਣਕੇ ਬੇਸ਼ੱਕ ਔਗੁਣਹਾਰ ਰਹੋ।

ਜਦੋਂ ਇਹ ਗ਼ਜ਼ਲ ਮਹਿਰਮ ਨੇ ਤਰੱਨਮ ਵਿਚ ਸੁਣਾਈ ਤਾਂ ਰੌਲਾ ਪਾਉਂਦੇ ਲੋਕੀਂ ਇਕਦਮ ਚੁੱਪ ਕਰ ਕੇ ਬੜੇ ਗਹੁ ਨਾਲ ਸੁਣ ਰਹੇ ਸਨ। ਮੈਂ ਉਨ੍ਹਾਂ ਦੀ ਇਹ ਦਮ ਦਾਰ ਰਚਨਾ ਸੁਣ ਕੇ ਪ੍ਰਭਾਵਿਤ ਹੋਇਆ। ਮਹਿਰਮ ਜੀ ਉਦੋਂ ਕਾਦੀਆਂ ਰਹਿੰਦੇ ਸਨ ਅਤੇ ਖਾਲਸਾ ਕਾਲਜ ਕਾਦੀਆਂ ਵਿਚ ਪੰਜਾਬੀ ਪੜ੍ਹਾਉਂਦੇ ਸਨ। ਛੇਤੀ ਹੀ ਉਹ ਆਪਣੀ ਜ਼ਮੀਨ ਪਿੰਡ ਭੈਣੀ ਪਸਵਾਲ (ਨੰਗਲ ਸ਼ਾਹੂ ਦੇ ਡੇਰੇ) ਜ਼ਿਲਾ ਗੁਰਦਾਸਪੁਰ ਵਿਚ ਆਲਾਟ ਹੋਈ ਤਾਂ ਨਵਾਂ ਸ਼ਾਲ੍ਹਾ ਗੁਰਦਾਸਪੁਰ 'ਚ ਵਧੀਆ ਘਰ ਬਣਾ ਕੇ ਰਹਿਣ ਲਗ ਪਏ। ਮੇਰੀ ਉਮਰ ਓਦੋਂ ਛੋਟੀ ਸੀ ਪਰ ਕਵਿਤਾ ਲਿਖਣ ਦਾ ਚਾਅ ਵਧੇਰੇ ਸੀ, ਜਿਸ ਕਰਕੇ ਕਵੀ ਦਰਬਾਰਾਂ ਵਿਚ ਕਵੀਆਂ ਦੀਆਂ ਕਵਿਤਾਵਾਂ ਸੁਣਨ ਦੀ ਰੁਚੀ ਵਧਦੀ ਰਹੀ।

ਇਕ ਦਿਨ ਮੈਂ ਮਹਹਿਮ ਦੇ ਘਰ ਨਵਾਂ ਸ਼ਾਹਲਾ ਵਿਖੇ ਬੜੇ ਮਾਣ ਨਾਲ ਉਨ੍ਹਾਂ ਨੂੰ ਉਸਤਾਦ ਧਾਰਨ ਦੀ ਇੱਛਾ ਨੂੰ ਲੈ ਕੇ ਪਹੁੰਚਿਆ ਤਾਂ ਉਹ ਕੇਸੀਂ ਇਸ਼ਨਾਨ ਕਰ ਕੇ ਚੌਕੜੀ ਮਾਰ ਕੇ ਆਪਣੇ ਸਫੇਦ ਵਾਲ ਖੁਲ੍ਹੀ ਖਿੜਕੀ ਵਿੱਚੋਂ ਆ ਰਹੀ ਧੁੱਪ ਵਿੱਚ ਸੁਕਾ ਰਹੇ ਸਨ। ਮੈਂ ਸਤ ਸ੍ਰੀ ਅਕਾਲ ਬੁਲਾਈ, ਤੇ ਉਨ੍ਹਾਂ ਦੇ ਗੋਡਿਆਂ ਤੇ ਨਿਮ੍ਰਤਾ ਨਾਲ ਸਿਰ ਝੁਕਾਇਆ ਉਨ੍ਹਾਂ ਨੇ ਅਸੀਸ ਦਿੰਦਿਆਂ ਕਿਹਾ ਕਾਕਾ ਭਲਾ ਹੋਵੇ ਪਰ ਤੂੰ ਕਿੱਥੋਂ ਆਇਆ ਏਂ, ਮੈਂ ਦੱਬੀ ਹੋਈ ਆਵਾਜ਼ ਵਿੱਚ ਕਿਹਾ,ਮੈਂ ਨੌਸ਼ਹਿਰੇ ਤੋਂ ਸ੍. ਹਰਬੰਸ ਸਿੰਘ ਜੀ ਦਾ ਬੇਟਾ ਹਾਂ 'ਤੇ ਆਪ ਜੀ ਨੂੰ ਉਸਤਾਦ ਧਾਰਨ ਦੀ ਇੱਛਾ ਲੈ ਕੇ ਆਇਆ ਹਾਂ। ਉਨ੍ਹਾਂ ਮੈਨੂੰ ਕੋਲ ਪਈ ਖਾਲੀ ਕੁਰਸੀ ਤੇ ਬੈਠਣ ਲਈ ਕਹਿੰਦੇ ਹੋਏ ਕਿਹਾ, ਮੈਂ ਤੇਰੇ ਪਿਤਾ ਨੂੰ ਜਾਣਦਾ ਹਾਂ। ਕੋਈ ਗੱਲ ਨਹੀਂ ਤੂੰ ਮੈਨੂੰ ਉਸਤਾਦ ਕਾਹਦਾ ਧਾਰਨਾ ਹੈ, ਮੈਂ ਕੋਈ ਭਲਵਾਨ ਤਾਂ ਨਹੀਂ ਮੈਂ ਤਾਂ ਇੱਕ ਕਵੀ ਹਾਂ, ਮੈਂ ਤੈਨੂੰ ਕਿਹੜੇ ਕੋਈ ਕੁਸ਼ਤੀ ਦੇ ਦਾਅ ਪੇਚ ਦਸਣੇ ਹਨ। ਮੈਂ ਕੁਰਸੀ ਤੋਂ ਉੱਠ ਕੇ ਕਿਹਾ, ਮੈਂ ਕਵਿਤਾ ਲਿਖਣੀ ਹੀ ਸਿੱਖਣੀ ਹੈ।ਇਸੇ ਲਈ ਹੀ ਤੁਹਾਡੇ ਕੋਲ ਆਇਆ ਹਾਂ। ਉਹ ਕਹਿਣ ਲੱਗੇ ਠੀਕ ਹੈ। ਪਹਿਲਾਂ ਦੱਸ ਕਦੇ ਕੋਈ ਕਵਿਤਾ ਲਿਖੀ ਹੈ। ਜੇ ਕੋਈ ਤੇਰੇ ਕੋਲ ਹੈ ਤਾਂ ਸੁਣਾ ਖਾਂ ਜ਼ਰਾ। ਮੈਂ ਜੇਬ ਵਿਚੋਂ "ਮੇਲ ਮਿਲਾਪ ਵੀਕਲੀ " ਵਿਚ ਛਪੀ ਆਪਣੀ ਕਵਿਤਾ ਉਨ੍ਹਾਂ ਨੂੰ ਸੁਣਾਈ ਤਾਂ ਉਹ ਮੈਨੂੰ ਪਿੱਠ ਤੇ ਥਾਪੜਾ ਦੇਂਦੇ ਹੋਏ ਕਹਿਣ ਲੱਗੇ,ਇਹ ਕਿੱਥੋਂ ਲਈ ਹੈ। ਮੈਂ ਆਪਣਾ ਛਪਿਆ ਹੋਇਆ ਗੀਤ ਵਾਲਾ ਕਾਗਜ਼ ਉਨ੍ਹਾਂ ਨੂੰ ਫੜਾ ਦਿਤਾ। ਉਨ੍ਹਾਂ ਖੁਸ਼ ਹੋ ਕੇ ਸ਼ਾਬਾਸ਼ ਦਿੰਦਿਆਂ ਹੋਇਆਂ ਕਿਹਾ ਕਿ ਬਹੁਤ ਵਧੀਆਂ ਲਿਖਿਆ ਹੈ। ਤੂੰ ਹੋਰ ਕੀ ਸਿੱਖਣਾ ਹੈ, ਇੱਸ ਤੋਂ ਵੱਧ। ਹੋਰ ਕੋਸ਼ਿਸ਼ ਕਰਿਆ ਕਰ ਕਿਤਾਬਾਂ ਰਸਾਲੇ ਜ਼ਰੂਰ ਪੜ੍ਹਿਆ ਕਰ। ਮੌਜ ਕਰ ਜਦੋਂ ਚਿੱਤ ਕਰੇ ਤਾਂ ਗੁਰਦਾਸ ਪੁਰ ਸੰਘਾ ਰੇਡੀਓ ਦੀ ਦੁਕਾਨ ਦੇ ਉੱਪਰ ਪੰਜਾਬੀ ਦਰਬਾਰ ਲਿਖਿਆ ਹੋਇਆ ਹੈ, ਓਥੇ ਆ ਜਾਇਆ ਕਰ। ਮੈਂ ਸਤ ਸ੍ਰੀ ਅਕਾਲ ਕਹਿ ਕੇ ਵਾਪਿਸ ਆ ਘਰ ਆ ਗਿਆ।

ਦੋ ਕੁ ਸਾਲ ਪਿੱਛੋਂ, ਮੈਂ ਬਟਾਲਾ ਸ਼ਹਿਰ ਛੱਡ ਕੇ ਵਾਪਿਸ ਆਪਣੇ ਪਿੰਡ ਆ ਗਿਆ। ਮੇਰੇ ਘਰ ਤੋਂ ਮਹਿਰਮ ਦੇ ਘਰ ਦਾ ਫਾਸਲਾ ਕਰੀਬਨ ਦੋ ਤਿੰਨ ਸੌ ਮੀਟਰ ਦਾ ਹੋਵੇਗਾ। ਮੈਂ ਉਨ੍ਹਾ ਨੂੰ ਮਿਲਣ ਦੀ ਕੋਸ਼ਿਸ਼ ਕਰਦਾ ਰਹਿੰਦਾ, ਕਦੇ ਕਦਾਈਂ ਪੰਜਾਬੀ ਦਰਬਾਰ ਦੀਆਂ ਪੌੜੀਆਂ ਵੀ ਚੜ੍ਹ ਜਾਂਦਾ, ਜਿੱਥੇ ਉਹ ਗਿਆਨੀ ਦੀ ਪੜ੍ਹਾਈ ਕਰਨ ਵਾਲਿਆਂ ਨੂੰ ਪੜ੍ਹਾਉਂਦੇ ਹੁੰਦੇ ਸਨ।

ਸਾਲ ਦੋ ਸਾਲ ਪਹਿਲਾਂ ਪੰਜਾਬ ਵਿੱਚ ਮਜ਼੍ਹਬੀ ਫਿਰਕਾ ਪ੍ਰਸਤੀ ਨਾਲ ਹਿੰਦੂ ਸਿੱਖ ਦਾ ਪਾੜਾ ਵਧ ਰਿਹਾ ਸੀ। ਜੋ ਰਾਜ ਨੀਤਿਕ ਚਾਲ ਸੀ। ਉਨ੍ਹਾਂ ਦਿਨਾਂ ਵਿਚ ਸਰਕਾਰੀ ਕਵੀ ਦਰਬਾਰਾਂ ਦਾ ਪ੍ਰੋਗਰਾਮ ਲੋਕ ਸੰਪਰਕ ਵਿਭਾਗ ਹੀ ਕਰਦਾ ਸੀ ਤੇ ਸਮੇਂ ਸਮੇਂ ਸਿਰ ਪ੍ਰੋਗਰਾਮ ਉਲੀਕਦੇ ਰਹਿੰਦੇ ਸਨ। ਜਿਸ ਵਿਚ ਬਹੁਤ ਸਾਰੇ ਕਵੀ ਸ਼ਿਰਕਤ ਕਰਿਆ ਕਰਦੇ ਸਨ। ਉਨ੍ਹਾਂ ਨੂੰ ਵੀ ਇੱਕ ਪ੍ਰੋਗਰਾਮ ਵਿੱਚ ਚਿੱਠੀ ਰਾਹੀਂ ਗੁਰਦਾਪੁਰ ਪੁਲਿਸ ਲਾਈਨ ਗ੍ਰਾਉਂਡ ਵਿਖੇ ਕਵੀ ਦਰਬਾਰ ਵਿੱਚ ਪਹੁੰਚਣ ਲਈ ਕਿਹਾ ਗਿਆ ਸੀ। ਉਨ੍ਹਾਂ ਦਿਨਾਂ ਵਿੱਚ "ਤਰ੍ਹਾ ਮਿਸਰਾ ਜਾਂ ਸਮੱਸਿਆ", ਦੇ ਕੇ ਕਵਿਤਾ ਲਿਖਣ ਦਾ ਰਿਵਾਜ ਆਮ ਪ੍ਰਚੱਲਤ ਸੀ। ਹਰ ਕਵੀ ਨੇ ਉਸੇ ਵਿਸ਼ੇ ਤੇ ਹੀ ਆਪਣੇ ਕਲਾਮ ਪੇਸ਼ ਕਰਨੇ ਹੁੰਦੇ ਸਨ।ਕਵੀ

ਦਰਬਾਰ ਆਮ ਤੌਰ ਤੇ ਸ਼ਾਮ ਵੇਲੇ ਹੀ ਹੋਇਆ ਕਰਦੇ ਸਨ। ਬਾਹਰੋਂ ਆਏ ਕਵੀਆਂ ਦਾ ਖਾਣੇ ਆਦਿ ਦਾ ਯੋਗ ਪ੍ਰਬੰਧ ਵੀ ਸਰਕਾਰੀ ਤੌਰ ਤੇ ਹੀ ਹੁੰਦਾ ਸੀ। ਮਹਿਰਮ ਜੀ ਮੈਨੂੰ ਕਹਿਣ ਲਗੇ ਕਵਿਤਾ ਤੂੰ ਵੀ ਕਵਿਤਾ ਲਿਖ ਕੇ ਲਿਆਵੀਂ "ਹਿੰਦੂ ਸਿੱਖ ਹਾਂ ਅਸੀਂ ਭਰਾ ਸਾਰੇ" ਤੇ ਯਾਦ ਵੀ ਕਰਕੇ ਆਵੀਂ।ਮੈਂ ਦੋ ਦਿਨਾਂ ਬਾਅਦ ਸੁਣਾਂਗਾ। ਬਟਾਲੇ ਰਹਿੰਦਾਂ ਲੋਕ ਲਿਖਾਰੀ ਸਭਾ ਵੱਲੋਂ ਜਾਂ ਹੋਰ ਛੋਟੇ ਮੋਟੇ ਕਵੀ ਦਰਬਾਰਾਂ ਵਿਚ ਵੀ ਤਰ੍ਹਾ ਮਿਸਰਾ ਤੇ ਬੋਲਣ ਦੀ ਪ੍ਰੰਪਰਾ ਆਮ ਹੁੰਦੀ ਸੀ। ਜਿਸ ਕਰਕੇ ਮੈਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ ਸੀ। ਮੈਂ ਇੱਕ ਦਿਨ ਵਿੱਚ ਦੋ ਵਾਰ ਕਵਿਤਾ ਲਿਖ ਕੇ ਚੀਰ ਫਾਰ ਕਰਕੇ ਕਵਿਤਾ ਸੋਧ ਕੇ ਲਿਖ ਲਈ ਅਤੇ ਮਹਿਰਮ ਜੀ ਨੂੰ ਪੰਜਾਬੀ ਦਰਬਾਰ ਵਿਚ ਜਾ ਮਿਲਿਆ। ਉਨ੍ਹਾਂ ਨੇ ਹੇਠਾਂ ਆਵਾਜ਼ ਦਿਤੀ ਤਾਂ ਚਾਹ ਦੀਆਂ ਦੋ ਗਲਾਸੀਆਂ ਵੀ ਆ ਗਈਆਂ। ਉਹ ਬੋਲੇ ਲਿਖ ਲਈ ਆਪਣੀ ਕਵਿਤਾ, ਮੈਂ ਕਿਹਾ ਹਾਂ ਜੀ ਲਿਖ ਲਈ, ਸੁਣਾ ਨਾਲੇ ਚਾਹ ਵੀ ਪੀਂਦਾ ਜਾਹ ਨਾਲੇ ਸੁਣਾਂਦਾ ਜਾ, ਕਵਿਤਾ ਬਿਲਕੁਲ ਤਰ੍ਹਾ ਮਿਸਰਾ ਤੇ ਹੀ ਸੀ ਮੈਂ ਬੜੇ ਮਾਣ ਨਾਲ ਉਨ੍ਹਾਂ ਨੂੰ ਸੁਣਾਈ ਤੇ ਉਨ੍ਹਾ ਨੇ ਵੀ ਬੜੇ ਗੌਰ ਨਾਲ ਸੁਣੀ। ਠੀਕ ਹੈ ਮਲਕੀਅਤ, ਪਰਸੋਂ ਮੇਰੇ ਨਾਲ ਹੀ ਕਵੀ ਦਰਬਾਰ ਵਿਚ ਤੂੰ ਵੀ ਆ ਜਾਂਵੀਂ । ਮੈਂ ਹੈਰਾਨ ਤੇ ਖੁਸ਼ ਵੀ ਸਾਂ ਕਿ ਇਡੇ ਵੱਡੇ ਵੱਡੇ ਫਨਕਾਰਾਂ ਵਿਚ ਕਿਤੇ ਬੋਲਦਾ ਬੋਲਦਾ ਬਹਿ ਹੀ ਨਾ ਜਾਵਾਂ, ਪਰ ਝਾਕਾ ਤਾਂ ਪਹਿਲੋਂ ਹੀ ਲਹਿ ਚੁਕਾ ਸੀ। ਮੈਂ ਬੇ ਪ੍ਰਵਾਹ ਹੋ ਕੇ ਸਾਈਕਲ ਤੇ ਸ਼ਾਮ ਦੇ ਕਰੀਬ ਸੱਤ ਵਜੇ ਪੁਲੀਸ ਲਾਈਨ ਵਿਚ ਪਹੁੰਚ ਗਿਆ। ਜਿਥੇ ਪੰਡਾਲ ਵਿਚ ਕੁਰਸੀਆਂ ਤੇ ਕੁਝ ਬੰਦੇ ਹੀ ਬੈਠੇ ਹੋਏ ਸਨ। ਸਟੇਜ ਸਕੱਤ੍ਰ ਨੇ ਸਪੀਕਰ ਦੇ ਮਾਈਕ ਤੇ ਕਵੀ ਦਰਬਾਰ ਬਾਰੇ ਕਹਿਣਾ ਸ਼ੁਰੂ ਕਰ ਦਿਤਾ।ਬਸ ਅੱਧੇ ਪੌਣੇ ਘੰਟੇ ਵਿਚ ਹੀ ਕੁਰਸੀਆਂ ਦੀਆਂ ਅਗਲੀਆਂ ਦੋ ਪਾਲਾਂ ਛੱਡ ਕੇ ਬਾਕੀ ਸਭ ਭਰ ਗਈਆਂ। ਮੈਂ ਸੋਚ ਰਿਹਾ ਸਾਂ ਕਿ ਕਦੋਂ ਮਹਿਰਮ ਜੀ ਆਉਣ ਤੇ ਮੈਂ ਉਨ੍ਹਾਂ ਨੂੰ ਮਿਲਾਂ।

ਫਨਕਾਰ ਕਵੀਆਂ ਦਾ ਟੋਲਾ ਖਿੜਖਿੜਾਉਂਦਾ , ਸਟੇਜ ਦੇ ਸੱਜੇ ਪਾਸੇ ਲਗੀਆਂ ਕੁਰਸੀਆਂ ਤੇ ਬਿਠਾਇਆ ਗਿਆ।ਜਦੋਂ ਮੈਂ ਮਹਿਰਮ ਜੀ ਨੂੰ ਤੱਕਿਆ ਤਾਂ ਮੇਂ ਉਨ੍ਹਾਂ ਪਾਸ ਚਲਿਆ ਗਿਆ। ਉਨ੍ਹਾਂ ਨੇ ਮੈਨੂੰ ਆਪਣੇ ਕੋਲ ਹੀ ਬਿਠਾ ਲਿਆ। ਅਤੇ ਸਟੇਜ ਸਕੱਤਰ ਨੂੰ ਕਵਿਤਾ ਬੋਲਣ ਲਈ ਮੇਰਾ ਨਾਂ ਲਿਖ ਕੇ ਭੇਜ ਦਿਤਾ। ਸ਼ੁਰੂਆਤ ਛੋਟੇ ਬੱਚਿਆਂ ਦੇ ਗੀਤ ਤੋਂ ਹੋਈ, ਤਾਂ ਇਕ ਦੋ ਕਵੀਆਂ ਤੋਂ ਬਾਅਦ ਮੇਰਾ ਨਾਂ ਵੀ ਬੋਲ ਦਿਤਾ ਗਿਆ।

ਜਦ ਮੈਂ ਆਪਣੀ ਕਵਿਤਾ ਸੁਣਾਈ ਤਾਂ ਮੇਰੀ ਕਵਿਤਾ ਖਤਮ ਹੁੰਦਿਆਂ ਹੀ ਮੈਨੂੰ ਸਟੇਜ ਸਕਤ੍ਰ ਨੇ ਇਕ ਲਿਫਾਫਾ ਦਿਤਾ ਜਿਸ ਨੂੰ ਵੇਖ ਕੇ ਮੈਂ ਹੈਰਾਨ ਰਹਿ ਗਿਆ ਉਵੇਂ ਹੀ ਉਹ ਲਿਫਾਫਾ ਮੈਂ ਮਹਿਰਮ ਜੀ ਨੂੰ ਫੜਾ ਦਿੱਤਾ ਤਾਂ ਉਨ੍ਹਾਂ ਨੇ , "ਸ਼ਾਬਾਸ਼ ਬੇਟਾ" ਕਹਿਕੇ, ਖਾਲੀ ਕੁਰਸੀ ਮੈਨੂੰ ਬਹਿਣ ਲਈ ਕਿਹਾ। ਜਦੋਂ ਮੈਂ ਬੈਠ ਗਿਆ ਤਾਂ ਉਹ ਲਿਫਾਫਾ ਮੇਰੇ ਹੱਥ ਫੜਾਉਂਦਿਆਂ ਕਿਹਾ ਕਿ ਇਸ ਨੂੰ ਘਰ ਜਾ ਕੇ ਖੋਲ੍ਹੀਂ। ਸਾਰੇ ਫਨਕਾਰਾਂ ਨੇ ਆਪਣੀਆਂ ਕਵਿਤਾਵਾਂ ਰਾਹੀਂ ਕੋਈ ਰਾਤ 11 ਵਜੇ ਤੱਕ ਸ੍ਰੋਤਿਆਂ ਨੂੰ ਨੀਂਦ ਨਾ ਆਉਣ ਦਿਤੀ ਤੇ ਸਾਰਾ ਪੰਡਾਲ ਤਾੜੀਆਂ ਦੀ ਗੂੰਜ ਨਾਲ ਗੂੰਜਦਾ ਰਿਹਾ।ਪ੍ਰੋਗਰਾਮ ਖਤਮ ਹੋਇਆ ਤਾਂ ਮਹਿਰਮ ਜੀ ਨੇ ਮੈਨੂੰ ਕਿਹਾ "ਮਲਕੀਅਤ! ਤੂੰ ਹੁਣ ਘਰ ਚਲਾ ਜਾ ਮੈਂ ਸਵੇਰੇ ਆਵਾਂਗਾ।ਉਹ ਆਪਣੇ ਸਾਥੀਆਂ ਨਾਲ ਸ਼ਹਿਰ ਹੀ ਰਹਿ ਗਏ ਤੇ ਮੈਂ ਕੋਈ ਅੱਧੀ ਰਾਤੀਂ ਘਰ ਪਹੁੰਚਿਆ। ਘਰ ਦੇ ਸਾਰੇ ਜੀਅ ਗੂੜ੍ਹੀ ਨੀਂਦ ਸੁੱਤੇ ਪਏ ਸਨ। ਮੈਂ ਹੌਲੀ ਜਿਹੀ ਗੇਟ ਖੋਲ੍ਹ ਕੇ ਸਾਈਕਲ ਅੰਦਰ ਲਗਾ ਦਿਤਾ।ਥੋੜ੍ਹੀ ਜਿਹੀ ਆਵਾਜ਼ ਸੁਣ ਕੇ ਮੇਰੇ ਮਾਂ ਜੀ ਉੱਠੇ ਤੇ ਕਹਿਣ ਲਗੇ ਕਿ ਇਨੀ ਰਾਤ ਗਈ ਕਿੱਥੋਂ ਆਇਆਂ,ਐਵੇਂ ਹੀ ਅੱਧੀ ਅੱਧੀ ਰਾਤ ਤੀਕ ਬਾਹਰ ਤੁਰਿਆਂ ਫਿਰਦੈਂ,ਚੱਲ ਸੌਂ ਜਾ ਹੁਣ, ਤੇਰੇ ਨਾਲ ਸਵੇਰੇ ਗੱਲ ਕਰਾਂਗੀ।ਮਾਤਾ ਜੀ ਸਵੇਰੇ ਜਲਦੀ ਹੀ ਉੱਠਦੇ ਸਨ।ਘਰ ਦਾ ਚੁਲ੍ਹਾ ਚੌਂਕਾ ਕਰਨ ਵਿੱਚ ਰੁਝ ਗਏ ਅਤੇ ਮੈਂ ਵੀ ਉੱਠ ਕੇ ਡਰਦਾ 2 ਮਾਂ ਜੀ ਕੋਲ ਬਹਿ ਗਿਆ।ਮੈਂ ਜਦ ਉਹ ਰਾਤ ਵਾਲਾ ਲਿਫਾਫਾ ਖੋਲ੍ਹਿਆ ਤਾਂ ਉਸ ਵਿਚ ਪੰਜ ਰੁਪੈ ਦਾ ਨੋਟ ਵੇਖ ਕੇ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਮੈਂ ਉਹ ਪੰਜਾਂ ਦਾ ਨੋਟ ਮਾਂ ਜੀ ਨੂੰ ਜਦੋਂ ਦਿਤਾ ਤਾਂ ਉੱਸ ਨੇ ਉਹ ਪੰਜਾਂ ਦਾ ਨੋਟ ਮੈਨੂੰ ਫੜਾਉਂਦੇ ਹੋਏ ਕਿਹਾ ਕਿ ਪੁੱਤ ਸਾਂਭ ਲੈ ਕਿਤੇ ਕੰਮ ਆਵੇਗਾ। ਪਰ ਘਰੋਂ ਦਸ ਕੇ ਜਾਇਆ ਕਰ, ਅੱਗੋਂ ਤੋਂ ਹਨੇਰਾ ਕਰਕੇ ਨਹੀਂ ਕਰਨਾ।"

ਮਹਿਰਮ ਨੇ ਕਵਿਤਾ, ਵਾਰ, ਗੀਤ, ਰੁਬਾਈ ਗ਼ਜ਼ਲ ਲਿਖ ਕੇ ਸਾਹਿਤ ਜਗਤ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ ਇਸ ਦੇ ਇਲਾਵਾ ਮਿੱਠੀ,ਸੁਰੀਲੇ ਦੀ ਸ਼ਰੋਤਿਆਂ ਨੂੰ ਕੀਲ ਲੈਣ ਵਾਲੀ ਆਵਾਜ਼ ਦੀ ਦਾਤ ਉਸ ਨੂੰ ਧੁਰੋਂ ਹੀ ਮਿਲੀ ਹੋਈ ਸੀ। ਉਸ ਨੇ ਦਰਜਨਾਂ ਛੋਟੀਆਂ ਮੋਟੀਆਂ ਕਿਤਾਬਾਂ ਲਿਖ ਕੇ ਸਾਹਿਤ ਜਗਤ ਦੀ ਝੋਲੀ ਪਾਈਆਂ। ਜਿਨ੍ਹਾਂ ਦਾ ਵੇਰਵਾ ਸਭਾ ਵੱਲੋਂ ਉਨ੍ਹਾਂ ਬਾਰੇ ਲਿਖੇ ਗਏ ਛੋਟੇ ਜਿਹੇ ਕਿਤਾਬਚੇ, "ਕਵੀ ਦਰਬਾਰਾਂ ਦਾ ਸ਼ਿੰਗਾਰ ਕਵੀ

ਦੀਵਾਨ ਸਿੰਘ ਮਹਿਰਮ ” ਵਿਚ ਦਿਤਾ ਜਾ ਚੁਕਾ ਹੈ। ਪਰ ਬਦ ਕਿਸਮਤੀ ਨਾਲ ਸਿਰ ਤੋੜ ਯਤਨ ਕਰਨ ਦੇ ਬਾਵਜੂਦ ਮਹਿਰਮ ਦੇ ਲਿਖੇ ਗ਼ਜ਼ਲ ਸੰਗ੍ਰਹਿ “ਪਾਣੀ ਤੇ ਲਕੀਰਾਂ ”ਦੇ ਇਲਾਵਾ ਹੋਰ ਕੋਈ ਵੀ ਸਾਨੂੰ ਨਹੀਂ ਮਿਲ ਸਕਿਆ।
ਮੇਰੇ ਖਿਆਲ ਅਨੁਸਾਰ ਪਾਣੀ ਤੇ ਲਕੀਰਾਂ ਉਸ ਦਾ ਗ਼ਜ਼ਲ ਸੰਗ੍ਰਹਿ ਉਸ ਦਾ ਸ਼ਾਹ ਕਾਰ ਹੀ ਕਿਹਾ ਜਾ ਸਕਦਾ ਹੈ। ਮੇਰੀ ਕੋਸ਼ਿਸ਼ ਹੈ ਕਿ ਉਸਦੀਆਂ ਕੁਝ ਗ਼ਜ਼ਲਾਂ ਦੀਆਂ ਟੂਕਾਂ ਦੇਣ ਦੀ ਥਾਂ ਉੱਸ ਦੀਆਂ ਚੋਣਵੀਆਂ ਗਜ਼ਲਾਂ ਨੂੰ ਹੂਬਹੂ ਪਾਠਕਾਂ ਦੀ ਨਜ਼ਰ ਕਰਾਂ ਪਰ ਉੱਸ ਤੋਂ ਪਹਿਲਾਂ ਇੱਸ ਗਜ਼ਲ ਸੰਗ੍ਰਹਿ ਦੇ ਸ਼ੁਰੂ ਵਿੱਚ ਉਸ ਦੇ ਆਪਣੇ ਲਿਖੇ ਕੁੱਝ ਸ਼ਬਦਾਂ ਨੂੰ ਪਾਠਕਾਂ ਦੇ ਪੇਸ਼ ਕਰਾਂ ਜੋ ਵਿਲੱਖਣ ਤਾਂ ਹੈ ਹੀ ਹਨ, ਪਰ ਮਨ ਨੂੰ ਟੁੰਬਣ ਵਾਲੇ ਵੀ ਹਨ।

**ਡਾ. ਮਲਕੀਅਤ “ਸੁਹਲ”**
**+91 98728 48610**

# ਸਿਰਜਨਹਾਰ

ਖੰਡਾਂ ਬ੍ਰਹਿਮੰਡਾਂ ਦਾ ਸਿਰਜਨ ਹਾਰ ਹੀ ਮੇਰਾ ਸਿਰਜਨ ਹਾਰ ਹੈ।ਜਿਸ ਨੂੰ ਮੈਂ ਆਦਿ ਜੁਗਾਦੀ ਤੁਰੇ ਆ ਰਹੇ ਮਨੁਖੀ ਗਿਆਨ ਤੋਂ ਜਾਣਿਆ ਹੈ ਮੇਰਾ ਸਿਰਜਨ ਹਾਰ ਮੇਰੇ ਰੋਮ ਰੋਮ ਵਿੱਚ ਵਿਆਪਕ ਵੀ ਹੈ ਅਤੇ ਅਦ੍ਰਿਸ਼ਟ ਵੀ ਹੈ ,ਤਿਵੇਂ ਹੀ ਮੈਂ ਇਨ੍ਹਾਂ ਗਜ਼ਲਾਂ ਦਾ ਸਿਜਨ ਹਾਰ ਹਾਂ।ਇਨ੍ਹਾਂ ਦੇ ਅੱਖਰ ਅੱਖਰ ਵਿਚ ਮੈਂ ਵਸਦਾ ਹਾਂ।ਮੈਂ ਸਰੀਰ ਕਰਕੇ ਕਿਸੇ ਸਮੇਂ ਇੱਸ ਸੰਸਾਰ ਵਿਚ ਨਹੀਂ ਹੋਵਾਂਗਾ ਪਰ ਇਹ ਗਜ਼ਲਾਂ ਮੇਰੀ ਹੋਂਦ ਦਾ ਹੁੰਗਾਰਾ ਭਰਦੀਆਂ ਹੀ ਰਹਿਣ ਗੀਆਂ। ਅਤੇ ਹੋਰ , ਸ਼ਾਇਦ ਇੱਸ ਸਿਰਜਨ ਵਾਲਾ ਵੀ ਸਰੀਰਕ ਤੌਰ ਤੇ ਇਉਂ ਹੀ ਬਿਨਸ ਕੇ ਮੁੜ ਆਪਣੀ ਸਿਰਜਨਾ ਵਿੱਚ ਸਮਾ ਗਿਆ ਹੋਇਆ ਹੈ।

ਮੇਰੀਆਂ ਇਹ ਗਜ਼ਲਾਂ ਮੇਰੀ ਕਾਵਿ ਉਮਰ ਦੀ ਸਾਂਭੀ ਹੋਈ ਪੂੰਜੀ ਹੈ।ਮੈਂ ਗ਼ਜ਼ਲਾਂ ਲਿਖਣ ਦੇ ਸ਼ੌਂਕ ਨਾਲ ਨਹੀਂ ਲਿਖੀਆ।ਇਹ ਮੈਥੋਂ ਆਪ ਮੁਹਾਰੀਆਂ ਹੀ ਸਮੇਂ ਸਮੇਂ ਸਿਰ ਪ੍ਰਗਟ ਹੁੰਦੀਆਂ ਗਈਆਂ ਹਨ ।ਮੈਂ ਮਿਥ ਕੇ ਇਨ੍ਹਾਂ ਨੂੰ ਜਨਮ ਨਹੀਂ ਦਿੱਤਾ। ਇਨ੍ਹਾਂ ਦਾ ਰੂਪ(ਕਾਵਿਕ) ਇਨ੍ਹਾਂ ਦੇ ਨਾਲ ਹੀ ਜਨਮਦਾ ਰਿਹਾ ਹੈ।ਕੁਝ ਗ਼ਜ਼ਲਾਂ ਸ਼ਾਇਦ ਇੱਕ ਤੋਲ ਬਹਿਰ ਦੀਆਂ ਹੋਣ ਪਰ ਸਮੁੱਚੇ ਤੌਰ ਤੇ ਇਨ੍ਹਾ ਵਿਚ ਕਈ ਤੋਲ ਤੇ ਬਹਿਰ ਵੇਖੇ ਜਾਣਗੇ ਜੋ ਸੁਤੇ ਹੀ ਮੇਰੀ ਜੀਭ ਤੋਂ ਨਿਕਲ ਆਉਂਦੇ ਰਹੇ ਹਨ।

ਮੈਨੂੰ ਕਿਸੇ ਪ੍ਰੰਪਰਾਵਾਦੀ ਉਸਤਾਦ ਦੇ ਸ਼ਾਗਿਰਦ ਹੋਣ ਦਾ ਮਾਣ ਨਹੀਂ ਹੈ।ਇਹ ਸਭ ਕੁੱਝ ਮੇਰੇ ਪਿਆਰ ਦੀ ਦੇਣ ਹੈ, ਜੋ ਮੈਨੂੰ ਜ਼ਿੰਦਗੀ ਦੇ ਸਫਰ ਵਿੱਚ ਸਮੇਂ ਸਮੇਂ ਆਪਣੇ ਦੈਵੀ ਸੱਜਨ ਦੇ ਵਖਰੇ ਵਖਰੇ ਮਨਮੋਹਨੇ ਰੂਪਾਂ ਰਾਹੀਂ ਮਿਲਦਾ ਰਿਹਾ ਹੈ। ਮੈਂ ਬੜਾ ਨਿਝੱਕ ਹੋ ਕੇ ਇਸ ਸੱਚ ਨੂੰ ਆਪਣੀਆਂ ਗ਼ਜ਼ਲਾਂ ਵਿਚ ਕਈ ਥਾਂਈਂ ਮੰਨਦਾ ਰਿਹਾ ਹਾਂ। ਮੇਰੇ ਕੋਲ ਨਿਰੇ ਰੋਣੇ ਨਹੀਂ ਤੇ ਨਾ ਹੀ ਨਿਰੇ ਹਾਸੇ ਹਨ।ਮੈਂ ਹਾਸਿਆਂ ਤੇ ਹੰਝੂਆਂ ਦਾ ਰਲਦਾ ਮਿਲਦਾ ਜੀਵਣ ਬਿਤਾਇਆ ਹੈ ਤੇ ਮਨੁੱਖੀ ਜੀਵਣ ਨੂੰ ਇਉਂ ਦਾ ਹੀ ਵੇਖਿਆ ਹੈ। ਮੈਨੂੰ ਕਿਤੇ ਸਜਨ ਮਿਲਿਆ ਹੈ, ਕਿਤੇ ਵਿਛੜਿਆ ਹੈ,ਕਿਤੇ ਵਿਛੜ ਕੇ ਫਿਰ ਮਿਲਿਆ ਹੈ,ਮੈਂ ਉਹਨੂੰ ਉਡੀਕਿਆ ਵੀ

ਹੈ,ਮੈਂ ਉਦਾਸ ਵੀ ਹੋਇਆ ਹਾਂ ਤੇ ਪ੍ਰਸੰਨ ਵੀ,ਮੈਂ ਸਜਨ ਦੀ ਨੇੜਤਾ ਵੀ ਮਾਣੀ ਹੈ ਤੇ ਦੂਰੀ ਵੀ ਐਨੀ ਕਿ ਬਿਆਨ ਵਿਚ ਨਹੀਂ ਆ ਸਕਦੀ।

ਪਰਤ ਆਉਂਦੇ ਨੇ ਪਾਣੀ ਸਾਗਰੋਂ ਹੋ ਕੇ ਨਦੀਆਂ ਵਿੱਚ,
ਪਰ , ਅਫਸੋਸ ਸਜਣ ਮੁੜਨ ਦੀ ਖਾਕੇ ਕਸਮ ਨਿਕਲੇ।

ਤੇ ਜਦੋਂ ਫਿਰ ਮਿਲਾਪ ਹੁੰਦਾ ਹੈ ਤਾਂ—

ਮੁਦੱਤਾਂ ਪਿੱਛੋਂ ਵਿਛੜੇ ਸਜੱਣ ਆਣ ਮਿਲੇ।
ਲੋਥ ਨਿਮਾਣੀ ਤਾਂਈਂ ਅਚਾਣਕ ਪ੍ਰਾਣ ਮਿਲੇ।
ਮਿਲੇ ਮਸੀਹ,ਮਹਿਬੂਬ ਮਿਲੇ ਲੁਕਮਾਣ ਮਿਲੇ

ਪਾਣੀ ਤੇ ਲਕੀਰਾਂ.ਇਸ ਗਜ਼ਲ ਸੰਗ੍ਰਿਹ ਦਾ ਨਾਂ ਕਈਆਂ ਸੱਜਣਾਂ ਨੂੰ ਬੜਾ ਵਚਿੱਤ੍ਰ ਲਗਦਾ ਹੈ ਉਹ ਕਹਿੰਦੇ ਹਨ ਪਾਣੀ ਤੇ ਲਕੀਰਾਂ ਵੀ ਕੋਈ ਪਾ ਸਕਦਾ ਹੈ ,ਮੈਂ ਕਹਿਨਾਂ ਮੈਂ ਪਾਈਆਂ। ਤੁਸੀਂ ਵੇਖੋ, ਇਹ ਲਕੀਰਾਂ ਠਹਿਰਨ ਯੋਗ ਹਨ ਕਿ ਨਹੀਂ। ਇਹ ਵਚਿਤਰਤਾ ਹੀ ਇੱਕ ਸਫਲਤਾ ਹੈ। ਮੈਂ ਜ਼ਿੰਦਗੀ ਨੂੰ ਪਾਣੀ ਤੇ ਲਕੀਰ ਸਮਝਦਾ ਹਾਂ, ਇਹ ਲਕੀਰਾਂ ਬਣਦੀਆਂ ਮਿਟਦੀਆਂ ਰਹਿੰਦੀਆਂ ਹਨ ਤੇ ਮਹਾਨ ਸਾਗਰ ਕਾਇਮ ਦਾ ਕਾਇਮ ਰਿਹਾ ਹੈ:-

ਮੈਂ ਪਾਣੀ ਲਕੀਰੋਂ ਜ਼ਿੰਦਗੀ ਨੂੰ ਵੱਧ ਨਹੀਂ ਡਿੱਠਾ
ਬੜੀ ਮਜ਼ਬੂਤ ਹੈ ਇਹ ਜਿਨਸ ਫਿਰ ਵੀ ਕਾਇਮ ਰਹਿੰਦੀ ਹੈ।

ਮੇਰੀਆਂ ਇਨ੍ਹਾਂ ਗ਼ਜ਼ਲਾਂ ਵਿੱਚ ਕੋਈ ਇੱਕ ਵਿਸ਼ਾ ਪ੍ਰਧਾਨ ਨਹੀਂ, ਮੈਂ ਕਿਸੇ ਵਾਦ ਦਾ ਪ੍ਰਚਾਰ ਨਹੀਂ ਕੀਤਾ। ਮੈਂ ਤਾਂ ਜ਼ਿੰਦਗੀ ਦੇ ਸੱਚ ਨੂੰ ਗਾਵਿਆ ਹੈ, ਜ਼ਿੰਦਗੀ ਦੇ ਪਿੜ ਵਿੱਚ ਮਰਦਾਂ ਵਾਂਗ ਜੂਝਣਾ,ਅੱਗੇ ਵੱਧਨਾ,ਜਿੱਤ ਦੇ ਨਸ਼ੇ ਵਿਚ ਘਾਲਾਂ ਘਾਲਣਾ,ਤੇ ਯਤਨ ਕਰਕੇ ਵੀ ਕੁਦਰਤ ਦੇ ਬਲਵਾਨ ਹੁਕਮ ਵਿੱਚ ਰਹਿਣ ਦੀ ਪ੍ਰੇਰਨਾ ਦਿੱਤੀ ਹੈ। ਜ਼ਿੰਦਗੀ ਲਈ ਪਿਆਰ, ਆਰਥਿਕਤਾ , ਸਹਿਹੋਂਦ, ਬਚਨਬਲ, ਤਿਆਗ, ਗ੍ਰਿਹਣ ਵਫਾ ਦਾਰੀ, ਧੀਰਜ ਆਦਿਕ ਗੁਣਾਂ ਦੀ ਹਰ ਮਨੁੱਖ ਨੂੰ ਹਰ ਸੇਂ ਹਰ ਮੈਦਾਨ ਵਿਚ ਲੋੜ ਹੈ। ਮੈਂ ਆਪਣੀ ਇਸ ਕਿਰਤ ਤੇ ਆਪੋਂ ਅਭਿਮਾਨ ਕਰਦਾ ਹਾਂ ਕਿ ਇੱਸ ਵਿੱਚ ਕਿਸੇ ਵਿਤਕਰੇ ਦੀ ਛਾਂ ਨਹੀਂ ਹੈ।

ਪਾਣੀ ਤੇ ਲਕੀਰਾਂ ਪਾਠਕਾਂ ਦੇ ਕਈ ਪ੍ਰਾਚੀਨ ਨਿਸਚੇ ਹਲੂਣੇ ਜਾਣਗੇ ਤੇ ਉਹ ਨਵੀਆਂ ਨਰੋਈਆਂ ਸੋਚਾਂ ਦੇ ਮਾਲਕ ਬਣਦੇ ਜਾਣਗੇ। ਸਾਹਿਤ ਦਾ ਇਹ ਪਰਮ ਕਰਤਵ ਹੈ ਕਿ ਉਹ ਨਵੇਂ ਸੰਕਲਪ ਨਵੇਂ ਦਰਸ਼ਨ ਅਤੇ ਨਵੇਂ ਵਿਸ਼ਵਾਸ਼ ਪੈਦਾ ਕਰੇ।ਪੁਰਾਣੇ ਗਲਤ ਅਕੀਦਿਆਂ ਨੂੰ ਝੰਜੋੜਤੇ ਵਿਅੰਗ ਕਰੇ। ਮੈਂ ਇੱਸ ਮੰਤਵ ਵਿੱਚ ਕਿੱਥੋਂ ਤਕ ਸਫਲ ਹੋਇਆ ਹਾਂ,ਮੇਰੇ ਪਾਠਕ ਖੁਦ ਅਨੁਭਵ ਕਰ ਸਕਣਗੇ। ਗਜ਼ਲ ਪੰਜਾਬੀ ਸਾਹਿਤ ਵਿੱਚ ਫਾਰਸੀ ਤੋਂ ਹੋਕੇ ਉਰਦੂ ਰਾਂਹੀ ਆਈ ਹੈ। ਮੈਥੋਂ ਪਹਿਲੇ ਪੰਜਾਬੀ ਵਿੱਚਮੇਰੇ ਕਈ ਸਮਕਾਲੀਆਂ ਨੇ ਗਜ਼ਲ ਦੇ ਮੈਦਾਨ ਵਿੱਚ ਹੱਥ ਮਾਰੇ ਹਨ। ਮੈਂ ਉਨ੍ਹਾਂ ਸਾਰਿਆਂ ਦਾ ਸਤਿਕਾਰ ਕਰਦਾ ਹਾਕਿਸੇ ਦੇ ਵਿਰੁੱਧ ਕੁਝ ਨਹੀਂ ਕਹਿੰਦਾ। ਮੇਰੀਆਂ ਗਜ਼ਲਾਂ ਦੀ ਗਿਣਤੀ ਕਿਤੇ ਥੋੜ੍ਹੀ ਹੈ। ਪਰ ਮੈਂ ਕੀ ਦੱਸਾਂ ਇਹਦੋਂ ਵੱਧ ਮੈਨੂੰ ਹਾਦਸੇ ਹੀ ਨਹੀਂ ਵਾਪਰੇ।ਮੈਂ ਹਿਰ ਗ਼ਜ਼ਲਾਂ ਕਿਵੇਂ ਲਿਖ ਸਕਦਾ ਸਾਂ। ਮੇਰੀ ਹਰ ਗ਼ਜ਼ਲ ਵਿਚ ਮੇਰੀ ਜ਼ਿੰਦਗੀ ਦਾ ਕੋਈ ਖਾਸ ਮੁਕਾਮ ਹੈ,ਕੋਈ ਘਟਨਾ ਤੇ ਘੋਲ ਪ੍ਰਤੱਖ ਹੈ। ਮੈਂ ਨਿਰਾ ਗਜ਼ਲਕਾਰ ਨਹੀਂ ਮੈਂ ਕਿੱਤਾ ਕਾਰ ਕਵੀ ਹਾਂ, ਧਾਰਮਕ,ਕੌਮੀ,ਅਤੇ ਉਸਾਰੂ ਕਵਿਤਾਵਾਂ, ਕਹਿੰਦਿਆਂ ਲਗ ਪਗ ਤਿੰਨ ਦਹਾਕੇ ਹੋਣ ਤੇ ਆਏ ਹਨ। ਬਾਕੀ ਸੱਭ ਕਵਿਤਾਂਵਾਂ ਮੈਂ ਸਭਾ ਸੁਸਾਇਟੀਆਂ ਦੇ ਪ੍ਰਚਾਰ ਮਿਸ਼ਨ ਲਈ ਮੁਆਵਜ਼ਿਆਂ ਖਾਤਰ ਲਿਖੀਆਂ।ਪਰ ਕੇਵਲ ਇਹ ਗ਼ਜ਼ਲਾਂ ਹੀ ਹਨ ਜੋ ਉਪ੍ਰੋਕਤ ਮੰਤਵ ਦੇ ਅਧੀਨ ਨਹੀਂ ਲਿਖੀਆ, ਇਨ੍ਹਾਂ ਵਿੱਚ ਮੇਰੀ ਆਤਮਾ ਹੈ ਮੇਰਾ ਪ੍ਰਮਾਤਮਾ ਹੈ।

ਪੰਜਾਬੀ ਸਾਹਿਤ ਵਿੱਚ ਮੈਂ ਕਈ ਅਜਿਹੀਆਂ ਪੁਸਤਕਾਂ ਪੜ੍ਹੀਆਂ ਹਨ ਜਿਨ੍ਹਾਂ ਦੇ ਪਹਿਲੀ ਵਾਰ ਛਪਣ ਦੇ ਨਾਲ ਹੀ ਉੱਘੇ ਉੱਘੇ ਮਿੱਤਰ ਅਲੋਚਕਾਂ ਪਾਸੋਂ ਬੜੇ ਲੰਮੇ ਚੌੜੇ ਪ੍ਰਸ਼ੰਸਾ ਭਰੇ ਲੇਖ ਛਪੇ ਹੋਏ ਹੁੰਦੇ ਹਨ। ਇਹ ਕੁਝ ਮੈਂ ਵੀ ਕਰ ਸਕਦਾ ਸੀਪਰ ਮੈਂ ਨਹੀਂ ਕੀਤਾ, ਕਿਤਾਬ ਛਪੇ ਤਾਂ ਇਹ ਗੱਲ ਸੋਭਦੀ ਹੈ, ਨਾਲ ਹੀ ਪ੍ਰਸ਼ੰਸਾ ਛਾਪਣੀ ਮੈਂ ਉਚਿਤ ਨਹੀਂ ਸਮਝੀ।

ਉਂਝ ਤਾਂ ਆਪਣੀ ਇੱਸ ਪੁਸਤਕ ਦਾ ਹਰ ਸ਼ਬਦ ਹਰ ਗ਼ਜ਼ਲ,ਹਰ ਸ਼ਿਅਰ ਮੈਨੂੰ ਪ੍ਰਾਣਾਂ ਵਾਂਗ ਪਿਆਰਾ ਹੈ ਪਰ ਹੇਠ ਲਿਖੇ ਕੁਝ ਸ਼ਿਅਰ ਐਸੇ ਹਨ ਜੋ ਮੈਂ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਕੇ ਅਭਿਮਾਣ ਮਹਿਸੂਸ ਕਰਦਾ ਹਾਂ।

ਅੱਗ ਲਾਇਆਂ ਵੀ ਲੱਗ ਸਕਦੀ ਏ
ਤੇ ਬੁਝਾਇਆਂ ਬੁੱਝ ਵੀ ਜਾਂਦੀ ਏ,
ਗ਼ਾਲਿਬ ਨੂੰ ਇਹ ਗ਼ਜ਼ਲ ਸੁਣਾ , 'ਮਹਿਰਮ'
ਹੁਣ ਇਹ ਵੀ ਜ਼ਮਾਨੇ ਆ ਪਹੁੰਚੇ।

## ਮਹਿਰਮ ਜੀ ਦੀਆਂ ਰਚਨਾਵਾਂ 'ਚੋਂ

### ਗਜ਼ਲ

ਹਰ ਦਰਦ ਲਈ ਇੱਕ ਮੌਸਮ ਹੈ ,ਹਰ ਪੀੜ ਦਾ ਖਾਸ ਜ਼ਮਾਨਾ ਹੈ।
ਜਿੰਨ੍ਹੂੰ ਲੋਕ ਮੁਹੱਬਤ ਕਹਿੰਦੇ ਨੇ,ਦੋ ਦਿਨ ਦਾ ਇੱਕ ਅਫਸਾਨਾ ਹੈ।

ਹੈ ਪਿਆਰ ਸੁਗੰਧੀ ਅੱਤ ਮਹਿੰਗੀ,ਇਹਨੂੰ ਥਾਂ ਥਾਂ ਵੰਦਡਾ ਕੌਣ ਫਿਰੇ,
ਸਿਰ ਦੇਣੇ ਪੈਂਦੇ ਸਾਈਆਂ ਵਿੱਚ,ਇਹਦਾ ਹੋਰਣ ਨਾ ਕੁੱਝ ਨਜ਼ਰਾਨਾ ਹੈ।

ਮਰਜਾਣਾ ਰੋ ਕੇ ਮਰਦਾ ਨਾ,ਜੇ ਸਾਥੀ ਸਾਥ ਨਿਭਾ ਜਾਂਦਾ,
ਕੱਲਿਆਂ ਦੀ ਮੌਤ ਤਾਂ ਮਹਿਰਮ ਜੀ,ਇਕ ਖੌਫ ਨਾਕ ਹਰਜਾਨਾ ਹੈ।

ਮੇਰੇ ਦਿਲ ਦੀ ਮੀਟੀ ਮੁੱਠੀ ਵਿਚ,ਨਕਸ਼ੇ ਕਈ ਤਾਜ ਮਹੱਲਾਂ ਦੇ,
ਜ਼ਿੰਦਗੀ ਦੀਆਂ ਸੁੰਦਰ ਰੀਝਾਂ ਦੀ,ਤਸਵੀਰ ਬਨਾਉਂਦਾ ਰਹਿੰਦਾ।

ਪੱਥਰਾਂ ਦੀ ਪੂਜਾ ਵਿੱਚੋਂ ਵੀ, ਪਰਮੇਸ਼ਰ ਪਰਗਟ ਹੋ ਸਕਦਾ,
ਅਖੀਆਂ ਵਿੱਚ ਰੱਖਿਆਂ ਪੱਥਰਾਂ ਨੂੰ ਮੈਂ ਨੀਰ ਬਨਾਉਂਦਾ ਰਹਿੰਦਾ ਹਾਂ,

ਤਾਕਤ ਤੋਂ ਹਿੰਮਤ ਵੱਡੀ ਹੈ,ਹਿੰਮਤ ਵਿੱਚ ਹਠ ਦੀ ਲੋੜ ਬੜੀ,
ਜੋ ਠੁਕਦੇ ਤੀਰ ਨਿਸ਼ਾਨੇ ਤੇ,ਉਹ ਤੀਰ ਬਣਾਉਂਦਾ ਹਾਂ।

ਹਰ ਸਮੇਂ ਮੁੱਹਬਤ ਦੀ ਗਰਮੀ ਇਕ ਵਰਗੀ ਮੂਲ ਨਾ ਰਹਿੰਦਿ ਏ,
ਇਹ ਘਾਟੇ ਦਸ ਦਸ ਮਹਰਿਮ ਨੂੰ ਦਿਲਗੀਰ ਬਣਾਉਂਦਾ ਰਹਿੰਦਾ ਹਾਂ।

### ਗਜ਼ਲ

ਚਲਾ ਚਲ ਪੜਾਂਵਾਂ ਅਜੇ ਹੋਰ ਵੀ ਨੇ.
ਕਿ ਠਹਿਰਣ ਲਈ ਥਾਂਵਾਂ ਅਜੇ ਹੋਰ ਵੀ ਨੇ।

ਤੂੰ ਜੰਡਾਂ ਕਰੀਰਾਂ ਚ ਫਸ ਕੇ ਨਾ ਰਹਿ ਜਾ,
ਇਦੋਂ ਵਧ ਕੇ ਛਾਂਵਾਂ ਅਜੇ ਹੋਰ ਵੀ ਨੇ।

ਤੂੰ ਸੀਖਾਂ ਤੋਂ ਡਰ ਗੁਲਾਮੀ ਨਾ ਮੰਨ ਬਹੀਂ,
ਕਿ ਆਜ਼ਾਦ ਰਾਹਵਾਂ ਅਜੇ ਹੋ ਵੀ ਨੇ।

ਜਿਨ੍ਹਾਂ ਵਿਚ ਘੁਲੀ ਹੈ ਭਵਿਖਤ ਦੀ ਹੋਣੀ,
ਉਹ ਰੁਕੀਆਂ ਹਵਾਂਵਾਂ ਅਜੇ ਹੋਰ ਵੀ ਨੇ।

ਜਿਨ੍ਹਾਂ ਪਾਲਿਆ ਜ਼ਿੰਦਗਾਨੀ ਨੂੰ ਹੁਣ ਤੱਕ,
ਉਹ ਸੁੱਤੀਆਂ ਬਲਾਂਵਾਂ ਅਜੇ ਹੋਰ ਵੀ ਨੇ।

ਜ਼ਰਾ ਠਹਿਰ ਮੌਤੇ ਤੂੰ ਕਾਹਲੀ ਨਾ ਕਰ ਇਉਂ ,
ਮੇਰੇ ਦਿਲ ਸਲਾਹਵਾਂ ਅਜੇ ਹੋਰ ਵੀ ਨੇ।

ਮੁਹੱਬਤ ਦਾ ਮਹਿਰਮ ਗੁਨਹਾਗਾਰ ਹਾਂ ਮੈਂ,
ਮੇਰੇ ਲਈ ਸਜ਼ਾਂਵਾਂ ਅਜੇ ਹੋਰ ਵੀ ਨੇ।

## ਗਜ਼ਲ

ਜ਼ਿੰਦਗੀ ਮੁਸ਼ੱਕਤਾਂ ਦਾ ਨਾਮ ਹੈ।
ਹੌਕਿਆਂ ਤੇ ਹੰਝੂਆਂ ਦਾ ਜਾਮ ਹੈ।

ਹਰ ਘੜੀ ਹਰ ਕਦਮ ਤੇ ਘੋਲ ਇਕ,
ਪੈ ਰਹੀ ਇਹ ਛਿੰਝ ਸੁਬ੍ਹਾ ਸ਼ਾਮ ਹੈ।

ਵੱਜਦਾ ਏ ਢੋਲ ਹਰ ਸਵਾਸ ਤੇ,
ਜਗਤ ਚਲੋ ਚੀ ਦਾ ਪੈਗਾਮ ਹੈ।

ਉੱਦਮਾਂ ’ਚ ਬਰਕਤਾਂ ਬਹੁਤੇਰੀਆਂ,
ਘਾਟਿਆਂ ਦਾ ਵਣਜ ਇਕ ਅਰਾਮ ਹੈ।

ਸੰਕਟਾਂ ਨੂੰ ਵੇਖ ਕਦਮ ਤੇਜ਼ ਕਰ,
ਸੂਰਮੇ ਨੂੰ ਭੱਜਨਾ ਹਰਾਮ ਹੈ।

ਤਰਲਿਆਂ ਤੂਫਾਨ ਨੂੰ ਕੀ ਰੋਕਣਾ,
ਹਿੱਕ ਦਾ ਉਭਾਰ ਰੋਕ ਥਾਮ ਹੈ।

ਕੰਡਿਆਂ ‘ਚ ਫੁੱਲ ਦੀ ਹੈ ਜ਼ਿੰਦਗੀ,
ਨਰਮ ਸੇਜ ਮੌਤ ਦਾ ਪੈਗਾਮ ਹੈ।

## ਗਜ਼ਲ

ਮੇਰੇ ਅਮੀਰ ਦਿਲ ਨੂੰ ਕੋਈ ਘਾਟ ਨਹੀਂ ਸੁਖਾਂਦੀ।
ਬਿਰਹੀਂ ਪਤੰਗਿਆਂ ਨੂੰ ਜਿਉਂ ਲਾਟ ਨਹੀਂ ਸੁਖਾਂਦੀ।

ਪੱਥਰ ਨੂੰ ਪੀੜ ਕੀ ਏ ,ਲੋਹੇ ਨੂੰ ਸੱਟ ਕਾਹਦੀ,
ਗਾਜ਼ੀ ਮਰਦ ਨੂੰ ਹਰਗਿਜ਼ ਕੁਰਲਾਟ ਨਹੀਂ ਸੁਖਾਂਦੀ।

ਗੰਮ ਨਾਲ ਮੇਰਾ ਵਾਹ ਏ ਬਿਪਤਾ ਮੇਰੀ ਸਹੇਲੀ,
ਚਿੰਤਾ ਦੀ ਚੋਗ ਬਾਝੋਂ ਕੋਈ ਚਾਟ ਨਹੀਂ ਸੁਖਾਂਦੀ।

ਮਨ ਦੇ ਲਹਾ ਚੜ੍ਹਾ ‘ਚੋਂ ਦੁਖ ਸੁਖ ਦੇ ਫਰਕ ਸਿੰਮਦੇ,
ਜੀਵਣ ਦੇ ਜਾਮ ਨੂੰ ਕੋਈ ਕਾਟ ਨਹੀਂ ਸੁਖਾਂਦੀ।

ਕੁਦਰਤ ਦੇ ਨਕਸ਼ ਕੁਝ ਤਾਂ ਬਦਲ ਦਿਆਂਗਾ’ਮਹਿਰਮ’,
ਜੁਗਾਂ ਜੁਗਾਂ ਪੁਰਾਣੀ ਇਹ ਡਾਟ ਨਹੀਂ ਸੁਖਾਂਦੀ।

## ਗਜ਼ਲ

ਮੁਹੱਬਤ ਦੇ ਮੌਸਮ ਦਾ  ਨਾਂ ਹੈ ਜਵਾਨੀ।
ਪਿਆਰਾਂ ਦੇ ਬਾਗਾਂ ਦੀ ਛਾਂ ਹੈ ਜਵਾਨੀ।

ਜਵਾਨੀ ਦੇ ਦਿਨ ਜ਼ਿੰਦਗਾਨੀ ਦੀ ਪੂੰਜੀ,
ਇਹ ਜ਼ਿੰਦਾ ਦਿਲੀ ਦੀ ਪੜਾ ਹੈ ਜਵਾਨੀ।

ਬਦੀ ਨੇਕੀਆਂ ਤੋਂ ਵਧੇਰੇ ਪਿਆਰੀ,
ਗੁਨ੍ਹਾਗਾਰੀਆਂ ਦੀ ਸਰਾਂ ਹੈ ਜਵਾਨੀ।

ਪਿਲਾਓ ਜਵਾਨੂੰ ਭਰ ਭਰ ਪਿਆਲੇ,
ਕਿ ਇਨਕਾਰ ਜਾਨੇ ਨਾ ਹਾਂ ਹੈ ਜਵਾਨੀ।

ਜਵਾਨੀ ਦੇ ਸਿਰ ਹੀ ਸਫਲਤਾ ਦੇ ਸਿਹਰੇ,
ਸੰਜੋਗਾਂ ਤੇ ਭੋਗਾਂ ਦੀ ਲਾਂ ਹੈ ਜਵਾਨੀ।

ਜਵਾਨੀ ਨੂੰ ਸਾਲਾਂ ਥੀਂ ਮਿਨਣਾ ਗੁਨਾਹ ਹੈ,
ਖਿਆਲੀ ਥੀਂ ਬਣਦੀ ਮਹਾਂ ਹੈ ਜਵਾਨੀ।

ਜੋ ਸਰ ਸਬਜ਼ ਕਰ ਦਏ ਇਸ਼ਕ  ਦੀ ਕਿਆਰੀ,
ਸਫਲ ‘ਮਹਿਰਮਾ , ਤੇਰੀ ਤਾਂ ਹੈ ਜਵਾਨੀ।

## ਗਜ਼ਲ

ਮੈਨੂੰ ਜਿੰਦ ਵੀ ਪਿਆਰੀ ਮੈਨੂੰ ਇਸ਼ਕ ਵੀ ਪਿਆਰਾ,
ਡੁੱਬ ਜਾਣ ਜੋਗੇ ਨੂੰ ਦੋਹਾਂ ਦਾ ਹੈ ਸਹਾਰਾ।

ਲੈ ਜਾ ਸ਼ਿੰਗਾਰ ਆਪਣਾ ਉਹ ਨੀਲੇ ਅਸਮਾਨਾਂ,
ਤੇਰੇ ਸਿਤਾਰਿਆਂ ਵਿੱਚ ਮੇਰੀ ਨਹੀਂ ਸਿਤਾਰਾ।

ਹਰ ਵੇਲੇ ਨੀਤ ਭੁੱਖੀ ਮੈਂ ਹਰ ਸਮੇਂ ਪਿਆਸਾ,
ਪੱਲੇ ਮੇਰੇ ਪੈ ਗਿਆ ਹੈ,ਉਮਰਾਂ ਦਾ ਖਸਾਰਾ।

ਰੀਝਾਂ ਦੇ ਨਾਲ ਕਿਹੜਾਂ ਕੋਈ ਇਸ਼ਕ ਪਾਲ ਸਕਦਾ,
ਘਰ ਫੂਕ ਕੇ ਤਮਾਸ਼ਾ ਵਿਹੰਦਾ ਕੋਈ ਨਕਾਰਾ।

ਘਿਰਣਾ ਪਿਆਰ ਦੀ ਇਕ ਵਿਗੜੀ ਹੋਈ ਸ਼ਕਲ ਏ,
ਰੱਬ ਜਾਣੇ ਕਿਸ ਤਰ੍ਹਾਂ ਦਾ ਇਹ ਰੋਗ ਹੈਂਸਿਆਰਾ।

ਮੰਜ਼ਲਾਂ ਦਾ ਮੁਕ ਜਾਣਾ ਰੀਝਾਂ ਦੀ ਮੌਤ ਤਾਂ ਨਹੀਂ,
ਕੁਝ ਪਰਖ ਹਿੰਮਤਾਂ ਦੀ ਜੇ ਦੂਰ ਹੈ ਕਿਨਾਰਾ।

ਪਾਬੰਦੀਆਂ ਨੇ ‘ਮਹਿਰਮ’, ਪਾਂਧੀ ਨੂੰ ਰਾਹ ਵਿਖਾਇਆ,
ਉਹ ਲਗ ਗਿਆ ਟਿਕਾਣੇ ਜੋ ਹੋ ਗਿਆ ਆਵਾਰਾ।

## ਗਜ਼ਲ

ਕਿਸ ਕਿਸ ਉੱਤੇ ਨਹੀਂ ਆਏ ਮੁਹੱਬਤ ਦੇ ਚਾਰ ਦਿਨ।
ਹਰ ਇੱਕ ਦੇ ਦਿਲ ਨੂੰ ਭਾਏ ਮੁਹੱਬਤ ਦੇ ਚਾਰ ਦਿਨ।

ਹਰ ਸਾਲ ਪਰਤ ਪਰਤ ਕੇ ਆਉਂਦੀ ਬਸੰਤ ਰੁੱਤ,
ਪਰਤੇ ਨਾ ਵੇਖੇ ਹਾਏ ਮੁਹੱਬਤ ਦੇ ਚਾਰ ਦਿਨ।

ਪ੍ਰਗਟੀ ਉਨ੍ਹਾਂ ਦੇ ਹਿਰਦਿਆਂ 'ਚ ਅਮਰ ਰੌਸ਼ਨੀ,
ਦੀਵੇ ਜਿਨ੍ਹਾਂ ਜਗਾਏ ਮੁਹੱਬਤ ਦੇ ਚਾਰ ਦਿਨ।

ਦਿਲ ਠੰਡਾ ਰਖ ਕੇ,ਤਪਦੀਆਂ ਰੇਤਾਂ ਨੂੰ ਗਾਹ ਗਏ,
ਛਾਏ ਜਿਨ੍ਹਾਂ ਤੇ ਸਾਏ ਮੁਹੱਬਤ ਦੇ ਚਾਰ ਦਿਨ।

ਇਕ ਦਿਲ ਇੱਕੋ ਨਾਲ ਹੀ ਬਸ ਪ੍ਰੀਤ—ਗੀਤ ਹੈ,
'ਮਹਿਰਮ' ਨੇ ਵੀ ਹੰਢਾਏ, ਮੁਹੱਬਤ ਦੇ ਚਾਰ ਦਿਨ।

## ਗਜ਼ਲ

ਮੁਦਤਾਂ ਪਿੱਛੋਂ ਵਿਛੜੇ ਸਜਨ ਆਣ ਮਿਲੇ,
ਲੋਥ ਨਿਮਾਣੀ ਅਚਾਣਕ ਪ੍ਰਾਣ ਮਿਲੇ।

ਦੋ ਤਨ,ਦੋ ਮਨ,ਤੇ ਦੋ ਰੂਹਾਂ ਇਕ ਹੋਈਆਂ,
ਇਕ ਦੂਜੇ ਦੇ ਭਗਤ ਮਿਲੇ ਭਗਵਾਨ ਮਿਲੇ।

ਕੌਣ ਆਖਦਾ ਦੁਨੀਆ ਰੋਗਾਂ ,ਸੋਗਾਂ ਦੀ,
ਮਿਲੇ ਮਸੀਹ,ਮਹਿਬੂਬ ਮਿਲੇ ਲੁਕਮਾਨ ਮਿਲੇ।

ਪਾਰਸ ਕਿਸ ਨੂੰ ਕਹਿੰਦੇ,ਚੰਨਣ ਕੀ ਹੁੰਦਾ,
ਰੱਬ ਤੁਠਾ ਕਿ ਮਨ ਭਾਉਂਦੇ ਮਹਿਮਾਨ ਮਿਲੇ।

ਇਉਂ ਲੱਗਾ ਕਿ ਅਸੀਂ ਕਦੇ ਵਿਛੜੇ ਹੀ ਨਹੀਂ,
ਸਮੇਂ ਦੀਆਂ ਹੱਦਾਂ ਤੇ ਹੋ ਬਲਵਾਨ ਮਿਲੇ।

ਗੰਗ ,ਜਨਮ ਤੇ ਤੀਰਥ ਨ੍ਹਾਤੇ ਕੀ ਹੁੰਦਾ,
ਮੁਕਤ ਪਦਾਰਥ ਸਜਨਾਂ ਦੀ ਮੁਸਕਾਨ ਮਿਲੇ।

ਪਿਆਰ ਵਿਛੋੜੇ ਨਾਲ ਚਮਕਦਾ 'ਮਹਿਰਮ' ਜੀ,
ਭਲੇ ਭਾਗ ਕੋਈ ਦਿਲ ਕੁੱਠਾ ਇਨਸਾਨ ਮਿਲੇ।

## ਗ਼ਜ਼ਲ

ਵਕਤ ਬੜਾ ਬਲਵਾਨ ਹੈ , 'ਮਹਿਰਮ' ਵਕਤ ਬੜਾ ਕੁੱਝ ਕਰ ਜਾਂਦਾ।
ਵਕਤ ਨਾਲ ਹੀ ਜੀਉਂਦਾ ਬੰਦਾ ਵਕਤ ਨਾਲ ਹੀ ਮਰ ਜਾਂਦਾ।

ਵਕਤ ਦੀ ਰਚਨਾ ਵਕਤ ਦੀ ਲੀਲੇ ਵਕਤ ਦੇ ਹੀ ਸਭ ਕੌਤਕ ਨੇ,
ਵਕਤ ਕਿਸੇ ਨੂੰ ਸੱਖਣਾ ਕਰਦਾ ਵਕਤ ਕਿਸੇ ਨੂੰ ਭਰ ਜਾਂਦਾ।

ਅਸੀਂ ਤਮਾਮ ਵਕਤ ਦੇ ਗੋਲੇ ਵਕਤ ਚਲਾਵੇ ਚਲਦੇ ਹਾਂ,
ਵਕਤ ਸੁਵਾਰੇ ਜਿਸ ਪੁਰਜ਼ੇ ਨੂੰ ਉਸ ਦਾ ਕਾਰਜ ਸਰ ਜਾਂਦਾ।

ਵਕਤ ਬਹਾਰਾਂ ਪੈਦਾ ਕਰਦਾ ਪਤਝੜ ਵਕਤ ਲਿਆਉਂਦਾ ਏ,
ਵਕਤ ਕਿਸੇ ਨੂੰ ਸਿਹਰਾ ਲਾਕੇ, ਆਪ ਸਫਲਤਾ ਵਰ ਜਾਂਦਾ।

ਵਕਤ ਕਦੇ ਨਾ ਇਕ ਵਰਗਾ ਸਦਾ ਬਦਲਦਾ ਰਹਿੰਦਾ ਏ,
ਗਮੀਆਂ ਤੇ ਖੁਸ਼ੀਆਂ ਉਹ ਮਾਣੇ, ਜੋ ਸੰਕਟ ਨੂੰ ਜਰ ਜਾਂਦਾ।

ਕੌਣ ਹੈ ਯੋਧਾ ਜੋ ਸਮਿਆਂ ਦੀ ਗਤੀ ਹਲੂਣ ਕੇ ਰੱਖ ਦੇਵੇ,
ਕਾਲ, ਅਕਾਲ ਨੂੰ ਸਮਝੇ ਜੋ,ਉਹ ਅਮਰ ਨਿਸ਼ਾਨਾ ਧਰ ਜਾਂਦਾ।

## ਗ਼ਜ਼ਲ

ਹਰ ਕਹਾਣੀ ਜ਼ਿੰਦਗੀ ਨੂੰ ਆਸਰਾ ਦੇਂਦੀ ਗਈ,
ਹਰ ਪੜਾ ਰਾਹੀ ਨੂੰ ਮੰਜ਼ਿਲ ਦਾ ਪਤਾ ਦੇਂਦੀ ਗਈ।

ਅਪਨੇ ਮਨ ਦੀ ਮੂਰਤੀ ਦੀ ਭਾਲ ਵਿੱਚ ਰਹਿੰਦਾ ਹਾਂ ਮੈਂ,
ਦਿਲ ਨੂੰ ਜੋ ਤਸਵਰ ਭਾਉਂਦੀ ਗਈ ਖੁਦਾ ਦੇਂਦੀ ਗਈ।

ਹੋਣ ਗੇ ਕੱਝ ਯਤਨ ਮੇਰੇ ਪਰ ਅਗੰਮੀ ਸ਼ਕਤੀ ਕੋਈ,
ਮੇਰੀ ਹੋਣੀ ਨੂੰ ਸਫਲ ਹੋਣ ਦਾ, ਦਾਅ ਦੇਂਦੀ ਗਈ।

ਮੈਂ ਬਹੁਤੇਰਾ ਜੀਭ ਨੂੰ ਜੰਦੇ ਲਗਾ ਕੇ ਦੇਖਿਆ,
ਮੇਰੀ ਸ਼ੁਹਰਤ ਇਸ਼ਕ ਮੇਰੇ ਨੂੰ ਹਵਾ ਦੇਂਦੀ ਗਈ।

ਮਨ ਕਿਸੇ ਵਿਰਲੇ ਹੀ ਮਨ ਦੇ ਨਾਲ ਮਿਲਦਾ ਵੇਖਿਆ,
ਬੇ—ਮੁਹੱਬਤ ਸਾਂਝ ਉਮਰਾਂ ਦੀ ਸਜ਼ਾ ਵੇਖੀ ਗਈ।

ਮਨ, ਦੀ ਮਜ਼ਬੂਤੀ, ਅਕਲ ਦੀ ਪੁਖਤਗੀ, ਧੀਰਜ, ਲਗਨ,
ਆਦਮੀ ਦੀ ਹਰ ਬੀਮਾਰੀ ਨੂੰ ਸ਼ਫਾ ਦੇਂਦੀ ਗਈ।

ਕਿਹੜੇ ਤੂਫਾਨਾਂ ਤੋਂ 'ਮਹਿਰਮ' ਨੂੰ ਡਰਾਉਂਦੇ ਹੋ ਭਲਾ,
ਇਕ ਅਨੋਖੀ ਹਰ ਬਲਾ ਹੱਲਾ ਸ਼ੇਰੀ ਦੇਂਦੀ ਗਈ।

## ਗ਼ਜ਼ਲ

ਪਰੇਸ਼ਾਨ ਕਰਕੇ ਨਾ ਜਾ ਜਾਣ ਵਾਲੇ,
ਜ਼ਰਾ ਠਹਿਰ ਜਾ ਠਹਿਰ ਜਾਸ਼ਾਨ ਵਾਲੇ।

ਵਸਾ ਲੈਣ ਦੇ ਆਲ੍ਹਣਾ ਹੋਰ ਦੋ ਦਿਨ।
ਨਾ ਕਰ ਕਾਹਲੀਆਂ ਬਿਜਲੀਆਂ ਪਾਣ ਵਾਲੇ।

ਮੁੱਹਬਤ ਕੀ ਕੀਤੀ ਗੁਨਾਹ ਕਰ ਲਿਆ ਏ,
ਖਿਮਾ ਕਰ ਕਿਆਮਤ ਦੇ ਸਾਮਾਨ ਵਾਲੇ।

ਤੇਰੇ ਬਾਝ ਬਾਗਾਂ ਚ, ਫੁੱਲਾਂ ਦੀ ਹਾਨੀ,
ਰੁਸਾ ਨਾ ਬਹਾਰਾਂ ਉਹ ਮੁਸਕਾਨ ਵਾਲੇ।

ਵਿਛੜਕੇ ਕਦੇ ਮਿਲਦਾ ਨਾ ਡਿੱਠਾ,
ਇਹ ਮੌਸਮ ਨਾ ਵੇਖੇ ਪਰਤ ਆਣ ਵਾਲੇ।

ਜਿਤ ਜਾਂਦੇ ਨੇ ਬਾਜ਼ੀਆਂ, ਸੰਗ੍ਰਾਮ ਵਾਲੇ।
ਹਾਰਦੇ ਵੇਖੇ ਸਦਾ ਆਰਾਮ ਵਾਲੇ।

ਵਸਾ 'ਮਹਿਰਮਾ'. ਕੋਈ ਦੁਨੀਆ ਅਨੋਖੀ,
ਕਿ ਧਰਤੀ ਤੇ ਆ ਜਾਣ ਅਸਮਾਨ ਵਾਲੇ।

## ਗ਼ਜ਼ਲ

ਝੂੰਮ ਉੱਠਦੀ ਏ ਜਵਾਨੀ ਮਸਤੀਆਂ ਵਿੱਚ,
ਯਾਦ ਆਉਂਦੇ ਜਦ ਨਸ਼ੀਲੇ ਜਾਮ ਵਾਲੇ।

ਕਿਸ ਅਰਥ ਮੂੰਹ ਮੂੰਹ ਭਰੀਆਂ ਸੁਰਾਹੀਆਂ,
ਸੁਣੋ ਕੀ ਕਹਿੰਦੇ ਨੇ ਖਾਲੀ ਜਾਮ ਵਾਲੇ।

ਅੱਖੀਆਂਵਿੱਚ ਤਾਂਘ ਧਰਕੇ ਬਹਿ ਗਿਆ ਹਾਂ,
ਪਤਾ ਨਹੀਂ ਕਿਧਰ ਗਏ ਪੈਗਾਮ ਵਾਲੇ।

ਕੌਣ ਕਰਦਾ ਹੈ ਕਿਸ ਦੀ ਗਰਜ਼ ਪੂਰੀ,
ਰੋਜ਼ ਮਿਲਦੇ ਨੇ ਕਈ ਪ੍ਰਨਾਮ ਵਾਲੇ।

ਦੇ ਰਹੀ ਹੈ ਇੱਕ ਚਕਵੀ ਕਲ ਦਿਲਾਸਾ,
ਸੁਬ੍ਹਾ ਨੂੰ ਮਿਲ ਪੈਣ, ਵਿੱਛੜੇ ਸ਼ਾਮ ਵਾਲੇ।

ਹਰੇ ਰਿਹਸਣ ਜ਼ਿੰਦਗੀ ਦੇ ਖੇਤ, ਮਹਿਰਮ,
ਟਿੱਲ ਲਾ ਰੱਖਣ ਬਿਸ਼ਕ ਲਾਮ ਵਾਲੇ।

ਸਾਹਿਤ ਜਗਤ ਵਿੱਚ ਉੱਸ ਦੀ ਯਾਦ ਨੂੰ ਕਇਮ ਰੱਖਣ ਲਈ ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ ਵਿੱਚ ਕਈ ਕਲਮਾਂ ਉੱਸ ਦੀਆਂ ਪੈੜਾਂ ਨਪਦੀਆਂ ਵੱਖਰੇ ਰੰਗਾਂ ਵਿਚ ਉੱਸ ਦੀ ਮਿੱਠੀ ਪਿਆਰੀ ਯਾਦ ਨੂੰ ਸਦਾ ਸਮਰਪਤ ਰਹਿੰਦੀਆਂ ਹਨ, ਅਤੇ ਸਾਹਿਤ ਖੇਤਰ ਵਿੱਚ ਕਵਿਤਾ ਦੇ ਕਈ ਰੰਗਾਂ ਦੀ ਸੁਗੰਧ ਤੇ ਮਹਿਕ ਮਾਣਦੀਆਂ ਅਤੇ ਵੰਡਦੀਆਂ ਰਹਿੰਦੀਆਂ ਹਨ। ਜਿਨ੍ਹਾਂ ਦੀਆਂ ਕੁਝ ਵੰਨਗੀਆਂ ਵੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ।

## ਸਵ. ਦੀਵਾਨ ਸਿੰਘ "ਮਹਿਰਮ ਨੂੰ ਸਮਰਪਿਤ"
## (ਇੱਕ ਪੰਛੀ ਝਾਤ)
## ਮਹਿਰਮ ਸਭਾ ਨਵਾਂ ਸ਼ਾਲ੍ਹਾ ਦੇ ਇਤਹਾਸ ਤੇ

ਇਸ ਸਭਾ ਦਾ ਗਠਨ ਸੰਨ 1993 ਵਿਚ ਕੁਝ ਮੰਨੇ ਪ੍ਰਮੰਨੇ ਲੇਖਕਾਂ ਦੁਆਰਾ ਨਿਰੋਲ ਪੰਜਾਬੀ ਸਾਹਿਤ ਨੂੰ ਪ੍ਰਫੁੱਲਤ ਕਰਨ ਲਈ, ਨਵੇਂ ਅਤੇ ਪਰਾਣੇ ਲੇਖਕਾਂ ਦਾ ਇਕ ਮੰਚ ਤਿਆਰ ਕਰਨ ਦੀ ਇਕ ਵਿਉਂਤ ਬੰਦੀ ਕੀਤੀ ਗਈ। ਇਸ ਦੀ ਪਹਿਲੀ ਇਕੱਤ੍ਰਤਾ13-3-93 ਨੂੰ ਲਵਲੀ ਮਾਡਲ ਸਕੂਲ ਪਰਾਣਾ ਸ਼ਾਲ੍ਹਾ(ਗੁਰਦਾਸਪੁਰ) ਵਿਖੇ ਹੋਈ। ਜਿਸ ਵਿਚ ਸਰਬ ਸੰਮਤੀ ਨਾਲ ਬੇਟ ਬਿਆਸ ਦੇ ਪ੍ਰੌੜ੍ਹ ਸਾਹਿਤਕਾਰ ਸੁਰਿੰਦਰ ਪਾਲ ਸਿੰਘ ਕਾਹਲੋਂ ਨੂੰ ਸਭਾ ਦਾ ਪ੍ਰਧਾਨ ਥਾਪਿਆ ਗਿਆ ਅਤੇ ਸਾਹਿਤ ਸੰਗਠਨ ਦਾ ਸਾਹਿਤਕ ਸਾਂਝ ਮੰਚ ਪੁਰਾਣਾ ਸ਼ਾਲ੍ਹ(ਗੁਰਦਾਸਪੁਰ) ਰਖਿਆ ਗਿਆ ਮੰਚ ਦੇ ਸਲਾਹਕਾਰ, ਵਿਅੰਗ ਲੇਖਕ ਤਾਰਾ ਸਿੰਘ ਖੋਜੇ ਪੁਰੀ ਨੂੰ ਨਿਯੁਕਤ ਕੀਤਾ ਗਿਆ।

ਤਦ ਤੋਂ ਹੀ ਇਹ ਸਾਹਿਤਕ ਸਾਂਝ ਮੰਚ ਬੜੀ ਸਫਲਤਾ ਨਾਲ ਆਪਸੀ ਧੜੇ ਬੰਦੀ ਤੋਂ ਉਪਰ ਉਠ ਕੇ ਆਪਣੀਆਂ ਸਾਹਿਤਕ ਪੁਲਾਂਘਾਂ ਪੁਟਦਾ ਆ ਰਿਹਾ ਹੈ। ਇਲਾਕੇ ਦੇ ਦੇ ਸਾਰੇ ਲੇਖਕਾਂ ਗੀਤਕਾਰਾਂ ਤੇ ਕਲਾਕਾਰਾਂ ਨੂੰ ਨਾਲ ਜੋੜਕੇ, ਨਵਾਂ ਸਾਹਿਤ ਰਚਨ ਦੇ ਉਪਰਾਲੇ ਕੀਤੇ ਗਏ। ਸਥਾਨਕ ਸਾਹਿਤ ਸਭਾਵਾਂ ਨਾਲ ਤਾਲ ਮੇਲ ਰਖਣ ਦੇ ਉਪਰਾਲੇ ਕੀਤੇ ਗਏ। ਖਾਸ ਕਰ ਕੇ ਕੇਂਦਰੀ ਲੇਖਕ ਸਭਾ ਦੇ ਦੇ ਦੋ ਮੈਂਬਰਾਂ ਨੂੰ ਜੀਵਨ ਮੈਂਬਰ ਬਣਨ ਦਾ ਮਾਣ ਪ੍ਰਾਪਤ ਹੈ, ਜਿਨ੍ਹਾਂ ਵਿਚ ਸ. ਰਵੇਲ ਸਿੰਘ ਇਟਲੀ ਤੇ ਮਲਕੀਅਤ "ਸੁਹਲ" ਦੇ ਨਾਂ ਵਰਨਣ ਯੋਗ ਹਨ।

ਇਸ ਸਭਾ ਨੂੰ ਪ੍ਰਸਿੱਧ ਕਹਾਣੀ ਕਾਰ ਸਵ. ਪ੍ਰਿੰਸੀਪਲ ਸੁਜਾਨ ਸਿੰਘ, ਸਵ. ਪ੍ਰੀਤਮ ਸਿੰਘ ਦਰਦੀ, ਸਵ. ਸੁਰੈਣ ਸਿੰਘ ਵਿਲਖੂ, ਗ਼ਜ਼ਲਗੋ ਸੁਲੱਖਣ ਸਰਹਦੀ, ਸਾਹਿਤਕਾਰ ਮੱਖਣ ਕੁਹਾੜ, ਸਾਹਿਤਕਾਰ ਸੰਪਾਦਕ ਧਿਆਨ ਸਿੰਘ ਸ਼ਾਹ ਸਕੰਦਰ, ਸ਼ਾਇਰ ਤੇ ਸਟੇਜ ਦੇ ਧਨੀ ਮੰਗਤ ਚੰਚਲ, ਪ੍ਰੋਫੈਸਰ ਕਿਰਪਾਲ

ਸਿੰਘ ਯੋਗੀ, ਹਾਸ ਵਿਅੰਗ ਕਵੀ ਸਵ.ਸਤਾਰਾ ਸਿੰਘ ਖੋਜੇ ਪੁਰੀ, ਸ੍ਰੀ ਕੁਲਦੀਪ ਸਿੰਘ ਅਰਸ਼ੀ ਸੰਪਾਦਕ ਤ੍ਰੈ ਮਾਸਕ "ਰਾਹ ਦਸੇਰਾ", ਹਾਸ ਰੱਸ ਕਵੀ ਚਮਨ ਹਰ ਗੋਬਿੰਦ ਪੁਰੀ, ਗੀਤਕਾਰ ਹਰਵਿੰਦਰ ਉਹੜ ਪੁਰੀ, ਬਲਵਿੰਦਰ ਸਿੰਘ ਬਾਲਮ, ਸੁਰਿੰਦਰ ਕਾਹਲੋਂ ਜੀ ਦਾ ਵੱਖਰੇ-ਵੱਖਰੇ ਪ੍ਰੋਗਰਾਮਾਂ ਵਿਚ ਸ਼ਿਰਕਤ ਕਰਨ ਦਾ ਮਾਣ ਪ੍ਰਾਪਤ ਹੈ।

ਇਹ ਸਭਾ ਸਮੇਂ ਸਮੇਂ ਸਿਰ ਪੰਜਾਬੀ ਸਪਤਾਹ ਮਨਾਉਣ ਵਿਚ ਵੀ, ਆਪਣਾ ਯੋਗਦਾਨ ਪਾਉਣ ਵਿਚ ਵੀ ਪਿੱਛੇ ਨਹੀਂ ਰਹੀ। ਮਿਤੀ 8.1.91 ਨੂੰ ਉਗੋਕੇ ਪਬਲਿਕ ਹਾਈ ਸਕੂਲ ਨਵਾਂ ਸ਼ਾਲ੍ਹਾ ਵਿਚ ਸਕੂਲ ਦੇ ਵਿਦਿਆਰਥੀਆਂ ਅਤੇ ਬਾਹਰੋਂ ਆਏ ਲੇਖਕਾਂ ਨਾਲ ਜਿਨ੍ਹਾਂ ਵਿਚ ਜ਼ਿਲਾ ਭਾਸ਼ਾ ਅਫਸਰ ਸ. ਦਲਬੀਰ ਸਿੰਘ, ਜ਼ਿਲਾ ਭਾਸ਼ਾ ਅਫਸਰ ਵੀ ਉਚੇਚੇ ਤੌਰ ਤੇ ਸ਼ਾਮਲ ਹੋਏ ਸਵ. ਗਿਆਨੀ ਧਿਆਨ ਸਿੰਘ ਬੋਪਾਰਾਏ ਜੋ ਇਸ ਸਭਾ ਦੇ ਹਰਮਨ ਪਿਆਰੇ,ਲੇਖਕ ਅਤੇ ਸਕੂਲ ਦੇ ਸੁਹਿਰਦ ਅਧਿਆਪਕ ਦਾ ਇਸ ਸਭਾ ਨੂੰ ਵਿਸ਼ੇਸ਼ ਯੋਗਦਾਨ ਰਿਹਾ ਅਤੇ ਸਾਹਿਤਕ ਪ੍ਰੋਗਰਾਮਾਂ ਦੀ ਜ਼ੁੰਮੇਵਾਰੀ ਨੂੰ ਤਨ, ਮਨ ਤੇ ਧਨ ਨਾਲ ਨਿਭਾਉਂਦਾ ਰਿਹਾ। ਸਭਾ ਦਾ ਨਾਮ ਕਰਨ ਕਰਕੇ ਇਸ ਸਭਾ ਦਾ ਨਾਂ ਸਾਂਝ ਮੰਚ ਪੁਰਾਣਾ ਸ਼ਾਲ੍ਹਾ ਦੀ ਬਜਾਏ ਸਾਹਿਤਕ ਸਾਂਝ ਮੰਚ ਨਵਾਂ ਸ਼ਾਲ੍ਹਾ ਸਰਬ ਸੰਮਤੀ ਨਾਲ ਰਖਿਆ ਗਿਆ ਅਤੇ ਸਭਾ ਦਾ ਪ੍ਰਧਾਨ ਸ. ਰਵੇਲ ਸਿੰਘ ਨੂੰ ਥਾਪਿਆ ਗਿਆ।

ਮਿਤੀ 8.1.94 ਨੂੰ ਉਗੋਕੇ ਪਬਲਿਕ ਹਾਈ ਸਕੂਲ ਵਿਚ ਸਵ ਕਵੀ ਦੀਵਾਨ ਸਿੰਘ ਮਹਿਰਮ ਦੀ ਯਾਦ ਵਿਚ ਇਕ ਭਰਵਾਂ ਤੇ ਪਹਿਲਾ ਕਵੀ ਦਰਬਾਰ ਕਰਵਾਇਆ ਗਿਆ।ਇਸ ਕਵੀ ਦਰਬਾਰ ਵਿਚ ਮਲਕੀਅਤ , 'ਸੁਹਲ' ਦੀ ਪੁਸਤਕ, ਮਘਦੇ ਅੱਖਰ ਰੀਲੀਜ਼ ਕੀਤੀ ਗਈ। ਸਭਾ ਦੇ ਇਸ ਪਲੇਠੇ ਕਵੀ ਦਰਬਾਰ ਵਿਚ ਪ੍ਰਸਿੱਧ ਲੇਖਕਾਂ ਸਾਹਿਤਕਾਰਾਂ ਤੇ ਕਵੀਆਂ ਨੇ ਨੇ ਚਾਰ ਚੰਨ ਲਾਏ। ਮਿਤੀ 4 ਮਾਰਚ 2004 ਨੂੰ ਮਲਕੀਅਤ ਸੁਹਲ ਦੀ ਪੁਸਤਕ ,ਸਜਨਾਂ ਬਾਝ ਹਨੇਰਾ' ਦੀ ਘੁੰਡ ਚੁਕਾਈ ਦਸ਼ਮੇਸ਼ ਪਬਲਿਕ ਹਾਈ ਸਕੂਲ ਪੁਲ ਤਿਬੜੀ ਵਿਖੇ ਸਾਹਿਤਕਾਰਾਂ ਦੇ ਭਰਵੇਂ ਸਮਾਗਮ ਵਿਚ ਹੋਈ ਅਤੇ ਦੂਸਰਾ ਮਹਿਰਮ ਕਵੀ ਦਰਬਾਰ ਹਾਸ ਰਸ ਦੇ ਕਵੀ ਚਮਨ ਹਰਗੋਬਿੰਦ ਪੁਰੀ ਦੀ ਪ੍ਰਧਾਨਗੀ ਵਿਚ ਹੋਇਆ।

ਇਸੇ ਤਰ੍ਹਾਂ ਹੀ ਸਭਾ ਆਪਣਾ ਸਾਹਿਤਕ ਸਫਰ ਨਿਰੰਤਰ ਕਰਦੀ ਆ ਰਹੀ ਹੈ। ਮਿਤੀ 20.1.2011 ਨੂੰ ਸਵ. ਸ਼ਾਇਰ ਦੀਵਾਨ ਸਿੰਘ ਮਹਿਰਮ ਦੀ ਯਾਦ ਨੂੰ ਮੁੱਖ ਰਖਦਿਆਂ, ਇਸ ਸਾਹਿਤ ਮੰਚ ਦਾ ਨਾਂ "ਮਹਿਰਮ ਸਾਹਿਤ ਸਭਾ" ਨਵਾਂ ਸ਼ਾਲ੍ਹਾ (ਗੁਰਦਾਸਪੁਰ) ਸਰਬ ਸਮਤੀ ਨਾਲ ਰਖ ਕੇ ਮਾਣ ਪ੍ਰਾਪਤ ਕੀਤਾ। ਮਹਿਰਮ ਸਾਹਿਤ ਸਭਾ ਨੇ ਨਿੱਗਰ ਪੁਲਾਂਘਾਂ ਪੁਟਦੇ ਹੋਏ,ਪੰਜਾਬੀ ਮਾਂ ਬੋਲੀ ਦੀ ਸੇਵਾ ਵਿਚ ਆਪਣਾ ਨਿਗੂਣਾ ਜਿਹਾ ਯੋਗਦਾਨ ਪਾਉਣ ਅਤੇ ਨਵੇਂ ਪੁੰਗਰਦੇ ਲੇਖਕਾਂ ਨੂੰ ਨਾਲ ਜੋੜਨ ਵਿਚ ਸਭਾ ਦਾ ਸਫਰ ਜਾਰੀ ਹੈ। ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਮੈਂਬਰ ਤੇ ਜੀਵਨ ਮੈਂਬਰਾਂ ਵਿਚ ਵਾਧਾ ਕਰਨ ਦਾ ਮਾਣ ਵੀ ਪ੍ਰਾਪਤ ਹੈ।

ਸਾਲ 2014 ਵਿਚ ਸਭਾ ਦੇ ਸਰਪ੍ਰਸਤ ਸ. ਰਵੇਲ ਸਿੰਘ ਇਟਲੀ ਦੀ ਪੁਸਤਕ "ਸ਼ਬਦਾਂ ਦੇ ਹਾਰ" ਅਤੇ ਨਰੰਜਨ ਸਿੰਘ "ਪਾਰਸ" ਦੀ ਪੁਸਤਕ "ਸ਼ਹੀਦ ਬੀਬੀ ਸੁੰਦਰੀ" ਰੀਲੀਜ਼ ਕੀਤੀ ਗਈ।ਅਪ੍ਰੈਲ 2015 ਨੂੰ ਨੂੰ ਮਹਿਰਮ,ਦਸ਼ਮੇਸ਼ ਕਵੀ ਦਰਬਾਰ ਦਸ਼ਮੇਸ਼ ਸੀਨੀਅਰ ਸਕੰਡਰੀ ਸਕੂਲ ਤਿਬੜੀ ਵਿਖੇ ਮਨਾਇਆ ਗਿਆ ,ਜਿਸ ਵਿਚ ਮਲਕੀਅਤ ਸੁਹਲ ਦੀ ਪੁਸਤਕ,"ਕੁਲਵੰਤੀ ਰੁੱਤ ਬਸੰਤੀ" ਵੀ ਰੀਲੀਜ਼ ਕੀਤੀ ਗਈ। ਸਭਾ ਦੇ ਸਰਪ੍ਰਸਤ ਸ.ਰਵੇਲ ਸਿੰਘ ਜਦੋਂ ਇਟਲੀ ਤੋਂ ਵਾਪਸ ਆਏ ਤਾਂ ਆਰ. ਬੀ ਸੋਹਲ ਦੀ ਪੁਸਤਕ ਰੀਲੀਜ਼ ਕੀਤੀ ਗਈ ਅਤੇ ਖੁਲ੍ਹੇ ਮੈਦਾਨ ਵਿਚ ਮਹਿਰਮ ਕਵੀ ਦਰਬਾਰ ਵੀ ਕਰਵਾਇਆ ਗਿਆ।

ਮਈ 2017 ਵਿਚ ਮਹਿਰਮ ਸਾਹਿਬ ਨੂੰ ਸਮ੍ਰਪਿਤ ਸਭਾ ਦੇ ਲੇਖਕਾਂ ਦੀਆਂ ਕਵਿਤਾਵਾਂ ਅਤੇ ਉਨ੍ਹਾਂ ਦੇ ਜੀਵਨ ਨਾਲ ਢੁਕਦੇ ਲੇਖਾਂ ਨੂੰ ਪੁਸਤਕ "ਮਹਿਰਮ ਰਿਸ਼ਮਾਂ" ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ। ਤਾਂ ਜੋ ਆਉਣ ਵਾਲੇ ਸਮਿਆਂ ਵਿਚ ਦੀਵਾਨ ਸਿੰਘ .ਮਹਿਰਮ' ਜੀ ਦੀਆਂ ਯਾਦਾਂ ਲੋਕਾਈ ਦੇ ਦਿਲਾਂ ਵਿਚ ਸਦਾ ਹੀ ਵਸਦੀਆਂ ਰਹਿਣ।

**ਮਹੇਸ਼ੀ ਚੰਦਰ ਭਾਨੀ, ਜਨਰਲ ਸਕੱਤਰ**
**ਮਹਿਰਮ ਸਾਹਿਤ ਸਭਾ ਨਵਾਂ ਸ਼ਾਲ੍ਹਾ**
**5 ਅਗਸਤ, 2017**

## ਘੁੱਗੀ (ਬਾਲ ਗੀਤ)

ਘੁੱਗੀ ਪਿਆਰੀ,ਘੁੱਗੀ ਪਿਆਰੀ।
ਸਾਰੇ ਪੰਛੀਆਂ ਨਾਲੋਂ ਪਿਆਰੀ।

ਅੰਬਰ ਰੰਗੇ ਨੇ ਇਸ ਦੇ ਖੰਭ।
ਇਹ ਨਾ ਕਰੇ ਕਿਸੇ ਨੂੰ ਤੰਗ।

ਨਿੱਕੇ ਨਿੱਕੇ ਨੇ ਇਸ ਦੇ ਪੈਰ;
ਸਦਾ ਹੀ ਮੰਗਦੀ ਸਭ ਦੀ ਖੈਰ,

ਨਿੱਕੀ ਸੁਹਣੀ ਇਸਦੀ ਚੁੰਝ,
ਅਮਰ ਸ਼ਾਂਤੀ ਦੀ ਇਹ ਪੁੰਜ,

ਬੋਲੀ ਇਹਦੀ ਵਿਚ ਘੁੱਗੂ ਘੂੰ,
ਸਦਾ ਹੀ ਮੰਗਦੀ ਮਿਹਰਾਂ ਨੂੰ,

ਡਿਗਿਆ ਬਚਿਆ ਚੁਗ ਕੇ ਖਾਂਦੀ,
ਕੁਦਰਤ ਦਾ ਇਹ ਸ਼ੁਕਰ ਮਨਾਂਦੀ,

ਨਾ ਇਹ ਭਾਲੇ ਮਹਿਲ ਚੁਬਾਰਾ,
ਤੀਲਿਆਂ ਦੇ ਘਰ ਕਰੇ ਗੁਜ਼ਾਰਾ,

ਮਿੱਠੇ ਮਿੱਠੇ ਇਹ ਬੋਲ ਸੁਣਾਵੇ,
ਸਬਰ ਸ਼ੁਕਰ ਵਿਚ ਉਮਰ ਲੰਘਾਵੇ,

ਤਾਹੀਓਂ ਲਗਦੀ ਸਭ ਨੂੰ ਪਿਆਰੀ,
ਘੁੱਗੀ ਪਿਆਰੀ,ਘੁੱਗੀ ਪਿਆਰੀ।

## ਦੋ ਸ਼ਬਦ ਵਤਨ ਦੇ ਸ਼ਹੀਦ ਨੂੰ

ਕਰਮ ਜੋ ਤੂੰ ਕਰ ਗਿਉਂ,
ਮੌਤ ਲਾੜੀ ਵਰ ਗਿਉਂ,

ਦੁਸ਼ਮਣਾਂ ਦੇ ਵਾਰ ਨੂੰ ,
ਸੀਨੇ ਉਤੇ ਜਰ ਗਿਉਂ,

ਨਾਮ ਆਪਣੇ ਦੇਸ਼ ਦਾ,
ਤੂੰ ਹੋਰ ਉੱਚਾ ਕਰ ਗਿਉਂ,

ਤੂੰ ਪੈ ਕੇ ਜਿਹੜੇ ਰਾਹ ਗਿਆ,
ਫਰਜ਼ ਨੂੰ ਨਿਭਾ ਗਿਉਂ,

ਮੈਦਾਨੇ ਜੰਗ ਵਿਚ ਜੂਝ ਕੇ,
ਜਾਨ ਦੇਸ਼ ਲੇਖੇ ਲਾ ਗਿਉਂ,

ਗੁਰੂ ਗੋਬੰਦ ਦੇ ਪਾਏ ਪੂਰਨੇ,
ਤੂੰ ਸੀਨੇ ਉੱਤੇ ਧਰ ਗਿਉਂ।

ਵੈਰੀਆਂ ਨੂੰ ਸੰਘਾਰਦਾ,
ਤੂੰ ਆਖਿਰ ਸ਼ਹੀਦ ਹੋ ਗਿਉਂ,

ਤੂੰ ਸੀ ਰਾਖਾ ਦੇਸ਼ ਦਾ ,
ਅੱਜ ਦੇਸ਼ ਤੇਰਾ ਹੋ ਗਿਆ,

ਤੂੰ ਅੰਬਰਾਂ ਨੂੰ ਛੂਹ ਗਿਆ,
ਤੇ ਸਾਗਰਾਂ ਨੂੰ ਤਰ ਗਿਉਂ,

ਤੇਰੀ ਯਾਦ ਜ਼ਿੰਦਾ ਰਹੇਗੀ,
ਹਮੇਸ਼ਾ ਭਾਰਤ ਵਰਸ਼ ਨੂੰ,

ਰਸਤਾ ਦਿਖਾਉਂਦੀ ਰਹੇਗੀ,
'ਭੱਟੀ ਦੀ ਇਹ ਕਲਮ ਵੀ,

ਸਦਾ ਤੇਰੇ ਤਰਾਨੇ ਕਹੇਗੀ,
ਜਿਸ ਰਣਯੋਧੇ,ਤੋਂ ਜਵਾਨ ਤੋਂ,
ਦੁਸ਼ਮਨ ਸਦਾ ਹੀ ਡਰ ਗਿਆ,
ਕਰਮ ਜੋ ਤੂੰ ਕਰ ਗਿਉਂ ,
ਮੌਤ ਲਾੜੀ ਵਰ ਗਿਉਂ।

## ਰੁੱਖ

ਰੁੱਖ ਹਨ ਸਾਡੇ ਸੱਚੇ ਮਿੱਤਰ,
ਰੁੱਖ ਹਨ ਸਾਡੇ ਸੱਚੇ ਯਾਰ।

ਰੁੱਖ ਹੁੰਦੇ ਦੁਖ ਸੁਖ ਦੇ ਸਾਥੀ,
ਅਸੀਂ ਵੀ ਇਨ੍ਹਾਂ ਨੂੰ ਕਰੀਏ ਪਿਆਰ,

ਹਰ ਜਾਤੀ ਦੇ ਰੁੱਖ ਇਹ ਸਾਰੇ,
ਫੁਲਾਂ ਪੱਤੀਆਂ ਨਾਲ ਸ਼ਿੰਗਾਰੇ,

ਮਿੱਠੇ ਨੇ ਫਲ ਦਿੰਦੇ ਰੁਖ,
ਖਾਂਦਿਆਂ ਮਨ ਦੀ ਲੱਥੇ ਭੁੱਖ।

ਟਾਹਲੀ ਸਫੈਦਾ ਕਿੱਕਰ ਬੋਹੜ,
ਪੂਰੀ ਕਰਦੇ ਸਭ ਦੀ ਲੋੜ,

ਨਾਲੇ ਸੰਘਣੀ ਠੰਡੀ ਛਾਂ,
ਆਲ੍ਹਣਿਆਂ ਲਈ ਦਿੰਦੇ ਥਾਂ,

ਇਨ੍ਹਾਂ ਦੀ ਹੈ ਸਾਂਝ ਭਿਆਲੀ,
ਸਭਨਾਂ ਤੇ ਕਰਦੇ ਉਪਕਾਰ,

ਉਹ ਧਰਤੀ ਵੀ ਕਾਹਦੀ ਧਰਤੀ,
ਜਿਹਦੇ ਉਤੇ ਰੁੱਖ ਨਾ ਹੋਵੇ,

ਉਹ ਰਸਤਾ ਵੀ ਕੱਲ ਮੁਕੱਲਾ,
ਜਿਸ ਦੇ ਕੰਢੇ ਰੁੱਖ ਨਾ ਹੋਵੇ।

ਪ੍ਰਦੂਸ਼ਣ ਨੂੰ ਦੂਰ ਭਜਾਈਏ,
ਆਓ ਰਲ ਮਿਲ ਰੁੱਖ ਉਗਾਈਏ।

## ਆਇਆ ਮਹੀਨਾ ਚੇਤ

ਸਰਦ ਰੁੱਤ ਨੂੰ ਪਿਛੇ ਕਰਦਾ,
ਲੰਮੀਆਂ ਲੰਮੀਆਂ ਲਾਂਘਾ ਭਰਦਾ,
ਆਇਆ ਮਹੀਨਾ ਚੇਤ।
ਫੁੱਲ ਬੂਟਾ ਹੈ ਹੋਇਆ ਹਰਿਆ,
ਹਰ ਮੁਖੜੇ ਤੇ ਖੇੜਾ ਚੜ੍ਹਿਆ,
ਫੁੱਲ ਸਰ੍ਹੂਆਂ ਜਿਉਂ ਦੀਵੇ ਜਗਣ,
ਮਨ ਨੂੰ ਮੁਹੰਦੀਆ ਪੌਣਾਂ ਵਗਣ,
ਖੜ ਖਿੜ ਹੱਸਣ ਰੰਗਲੇ ਖੇਤ,
ਆਇਆ ਮਹੀਨਾ ਚੇਤ।
ਪਿਛਲਾ ਸਾਲ ਤਾਂ ਵਿਦਿਆ ਹੋਇਆ,
ਨਵੇਂ ਵਰ੍ਹੇ ਨੇ ਅੰਬਰ ਛੋਹਿਆ,
ਨਵੀਂ ਰੁੱਤ ਦੀ ਨਵੀਂ ਤਰੰਗ,
ਹਰ ਦਿਲ ਅੰਦਰ ਨਵੀਂ ਤਰੰਗ,
ਠੰਡਾਂ ਮਗਰੋਂ ਨਿਘ ਜਾਗਿਆ,
ਕੁਦਰਤ ਹੋਈ ਸੁਚੇਤ,
ਆਇਆ ਮਹੀਨਾ ਚੇਤ।
ਟਹਿਣੀਆਂ ਉੱਤੇ ਪੰਛੀ ਚਹਿਕਣ,
ਵੰਨ ਸੁਵੰਨੇ ਫੁੱਲ ਪਏ ਟਹਿਕਣ,
ਹਰ ਪਾਸੇ ਹੈ ਨੂਰ ਪਸਰਿਆ,
ਚਾਰ ਚੁਫੇਰਾ ਹੋਇਆ ਹਰਿਆ,
ਮਟਕ ਮਟਕ ਪਈ ਜੱਟੀ ਫਿਰਦੀ,
ਬੰਨੇ ਬੰਨੇ ਖੇਤ,
ਆਇਆ ਮਹੀਨਾ ਚੇਤ।
ਫਲੀ ਫੁੱਲੀ ਜਦ ਡਾਲੀ ਡਾਲੀ,
ਨਾਲ ਖੁਸ਼ੀ ਦੇ ਨਚਿਆ ਮਾਲੀ,
ਫੁੱਲਾਂ ਸੰਗ ਭੌਰੇ ਦੀ ਪ੍ਰੀਤ,
ਗਾਉਣ ਤਿਤਲੀਆਂ ਗੂੰਗੇ ਗੀਤ,
ਭੌਣ ਸੁਗੰਧ ਸਮੇਤ,
ਆਇਆ ਮਹੀਨਾ ਚੇਤ।
ਆਇਆ ਮਹੀਨਾ ਚੇਤ।

**ਦਰਬਾਰਾ ਸਿੰਘ ਭੱਟੀ**
**ਪਿੰਡ ਰਸੂਲ ਪੁਰ,**
**ਡਾਕਖਾਣਾ : ਪੁਰਾਣਾ ਸ਼ਾਲ੍ਹਾ, ਗੁਰਦਾਸਪੁਰ**
**+91 8727 849 711**

## ਗ਼ਜ਼ਲ

ਮੁਕਰਰ ਕਰ ਖਤਾ ਮੇਰੀ, ਤੇ ਬਣਦੀ ਦੇ ਸਜ਼ਾ ਮੈਨੂੰ।
ਖਫਾ ਪਰ ਹੋਣ ਦੀ ਵਾਜਿਬ ਤਾਂ ਕੋਈ ਦੇ ਵਜਾ ਮੈਨੂੰ।

ਬਿਨਾਂ ਲਹਿਰਾਂ ਸਮੁੰਦਰ ਦਾ ਸੁਹਪਣ ਹੋ ਨਹੀਂ ਸਕਦਾ,
ਮੈਂ ਵੀ ਇੱਕ ਲਹਿਰ ਹਾਂ ਤੇਰੀ, ਨਾ ਰੇਤੇ ਵਿੱਚ ਮਿਲਾ ਮੈਨੂੰ।

ਕਿ ਜਿਸ ਨੇ ਸ਼ਿਅਰ ਬਨਣਾ ਸੀ, ਅਧੂਰਾ ਖਿਆਲ ਹਾਂ ਐਸਾ,
ਬਣਾਕੇ ਖੁਦ ਨੂੰ ਮਿਸਰਾ, ਮੁਕੰਮਲ ਤਾਂ ਬਣਾ ਮੈਨੂੰ।

ਮੁਹੱਬਤ ਦੇ ਜੋ ਗਗਨਾਂ ਤੇ, ਮੇਰਾ ਹੁਣ ਚਮਕਿਆ ਤਾਰਾ,
ਤੂੰ ਬਣ ਕੇ ਬੇਵਫਾ ਬੱਦਲੀ ਇਵੇਂ ਨਾ ਹੁਣ ਛੁਪਾ ਮੈਨੂੰ।

ਤੇਰੇ ਹੀ ਚਮਨ ਦਾ ਫੁੱਲ ਹਾਂ ਰਹਾਂਗਾ ਖੁਸ਼ਬੂਆਂ ਵੰਡਦਾ,
ਤੂੰ ਇੱਸ ਨੂੰ ਤੋੜ ਕੇ, ਮਹਿਕਾਂ ਵਿਹੂਣਾ ਨਾ ਬਣਾ ਮੈਨੂੰ।

ਦੀਵਾਨਾ ਹੋ ਗਿਆਂ ਭਾਂਵੇਂ, ਮੈਂ ਤੇਰੇ ਪਿਆਰ ਵਿੱਚ ਦਿਲਬਰ,
ਮੈਂ ਭੁੱਲ ਜਾਂਵਾਂ ਇਹ ਦੁਨੀਆ, ਨਾ ਦੇਵੀਂ ਮਸ਼ਵਰਾ ਮੈਨੂੰ।

ਨਿਵਾਣਾਂ ਵਿੱਚ ਕਈ ਹਸਦੇ, ਕਈ ਵਿਲਕਣ ਬੁਲੰਦੀ ਤੇ,
ਐ ਜ਼ਿੰਦਗੀ ਸਮਝ ਨਾ ਆਇਆ, ਵਿਲੱਖਣ ਫਲਸਫਾ ਮੈਨੂੰ।

## ਗ਼ਜ਼ਲ

ਨਾ ਚੇਤਨਾ ਦਾ ਹੀ ਦੀਪ ਬਲਿਆ, ਨਾ ਰੌਸ਼ਨੀ ਦਾ ਕਰਾਰ ਆਇਆ,
ਕਿ ਨ੍ਹੇਰਿਆਂ ਦੇ ਹੀ ਸ਼ਹਿਰ ਅੰਦਰ, ਕਿਵੇਂ ਮੈਂ ਜ਼ਿੰਦਗੀ ਗੁਜ਼ਾਰ ਆਇਆ।

ਮੈਂ ਖ਼ੂਨ ਦੇ ਕੇ ਹੀ ਚਮਨ ਸਿੰਜਿਆ, ਕਦੇ ਜੋ ਇਸ ਤੋਂ ਬਹਾਰ ਬਰਸੇ,
ਕਦੇ ਵੀ ਨਾ ਪਰ ਬਹਾਰ ਆਈ, ਨਾ ਫੁੱਲਾਂ ਤੇ ਨਿਖਾਰ ਆਇਆ।

ਦਿਲਾਂ ਦਾ ਲੁਟਦੇ ਸਕੂਨ ਹਰਦਮ, ਜੋ ਬੇਸੁਰੇ ਸਾਜ਼ ਰਹਿਣ ਵਜਦੇ,
ਮਿਲੇ ਦਿਲਾਂ ਨੂੰ ਹੀ ਚੈਨ ਜਿਸ ਤੋਂ, ਨਾ ਕੋਈ ਲੈ ਕੇ ਸਿਤਾਰ ਆਇਆ।

ਦਿਲਾਂ ਚ, ਬਸ ਭਰਕੇ ਨਫਰਤਾਂ ਨੂੰ, ਤੇ ਧਰਕੇ ਅੱਖੀਆਂ ਚ, ਉਹ ਅੰਗਾਰੇ,
ਆਕੇ ਜ਼ਹਿਰ ਹੀ ਵੰਡ ਗਏ, ਪਰ ਨਾ ਕੋਈ ਲੈ ਕੇ ਪਿਆਰ ਆਇਆ।

ਕਿ ਲੋਕ ਖੁਦਗਰਜ਼ ਬਣ ਗਏ ਨੇ, ਜ਼ਮੀਰ ਆਪਣੀ ਉਹ ਵੇਚ ਦੇਵਣ,
ਉਹ ਰਾਜ ਨੀਤੀ ਹੀ ਕਰਨ ਉਸ ਤੇ, ਜੋ ਵਤਨ ਤੋਂ ਜਾਨ ਵਾਰ ਆਇਆ।

ਹੁਸੀਨ ਕਿੰਨਾ ਸੀ ਉਹ ਨਜ਼ਾਰਾ, ਬਿਆਨ ਕਰਨਾ ਹੈ ਬਹੁਤ ਮੁਸ਼ਕਲ,
ਘਟਾ ਦੇ ਵਾਂਗੋਂ ਦਿਲਾਂ ਤੇ ਵਰ੍ਹਿਆ, ਜਦੋਂ ਉਹ ਜ਼ੁਲਫਾਂ ਖਿਲਾਰ ਆਇਆ।

ਸਮਾਂ ਜੇ ਬਣਕੇ ਤੂੰ ਪਿਘਲਿਆ ਏਂ, ਵਫਾ ਨੂੰ ਸਜਨਾ ਨਿਭਾਉਣ ਖਾਤਰ,
ਤਾਂ ਮੈਂ ਵੀ ਪਤੰਗੇ ਦੇ ਵਾਂਗ ਜਲ ਕੇ, ਵਫਾ ਦਾ ਕਰਜ਼ਾ ਉਤਾਰ ਆਇਆ।

## ਗ਼ਜ਼ਲ

ਵਿਲੱਖਣ ਹੁਨਰ ਸਿੱਪੀ ਨੂੰ ਸਿਖਾਇਆ ਹੈ ਮੁੱਹਬਤ ਨੇ।
ਸੁਆਂਤੀ ਬੂੰਦ ਨੂੰ ਮੋਤੀ ਬਨਾਇਆ ਹੈ ਮੁਹੱਬਤ ਨੇ।

ਹਵਾਓ ਰੁਮਕਦੇ ਰਹਿਣਾ,ਤੇ ਵੰਡਿਓ ਹਰ ਕਿਤੇ ਮਹਿਕਾਂ,
ਇਨ੍ਹਾਂ ਨੂੰ ਵਾਵਰੋਲੇ ਤੋਂ ਹਟਾਇਆ ਹੈ ਮੁਹੱਬਤ ਨੇ।

ਜਦੋਂ ਵੀ ਬੇਵਫਾ ਬਣਕੇ ਦਿਲਾਂ ਤੇ ਛਾ ਗਿਆ ਨ੍ਹੇਰਾ,
ਵਫਾ ਦਾ ਦੀਪ ਪਲਕਾਂ ਤੇ ਜਗਾਇਆ ਹੈ ਮੁਹੱਬਤ ਨੇ।

ਤੁਸਾਂ ਦਾ ਮਾਨ ਟੁੱਟ ਜਾਣਾ,ਜ਼ਰਾ ਹੁਣ ਸੰਭਲਿਓ ਪੱਥਰੋ,
ਤੁਹਾਨੂੰ ਮੋਮ ਕਰ ਦੇਣਾ ਧਿਆਇਆ ਹੈ ਮੁਹੱਬਤ ਨੇ।

ਤੂਫਾਨਾਂ ਨੂੰ ਸਿਰੀਂ ਝੱਲ ਕੇ,ਰਹੇ ਫੁੱਲ ਮਹਿਕ ਹੀ ਵੰਡਦੇ,
ਇਵੇਂ ਹੀ ਮਹਿਕਦੇ ਰਹਿਣਾ ਸਿਖਾਇਆ ਹੈ ਮੁਹੱਬਤ ਨੇ।

ਇਹ ਚੜ੍ਹ ਕੇ ਸੂਲੀਆਂ ਉੱਤੇ,ਬਚਾਵੇ ਅਣਖ ਵੀ ਆਪਣੀ,
ਇਹ ਸਿਰ ਨਾ ਜ਼ੁਲਮ ਦੇ ਅੱਗੇ,ਝੁਕਾਇਆ ਹੈ ਮੁਹੱਬਤ ਨੇ।

ਇਦ੍ਹੇ ਤੇ ਰੰਗ ਜਦ ਚੜ੍ਹਿਆ, ਵਿਛੋੜੇ ਦਰਦ ਹੰਝੂਆਂ ਦਾ,
ਕਿ ਆਪਾ ਹੋਰ ਵੀ ਗੂੜ੍ਹਾ ਬਣਾਇਆ ਹੈ ਮਹੱਬਤ ਨੇ।

## ਗ਼ਜ਼ਲ਼

ਜਿਵੇਂ ਮਰਜ਼ੀ ਤੂੰ ਅਜ਼ਮਾਂਵੀਂ ਪਰਾਂ ਨੂੰ ਤੋਲ ਕੇ ਆਇਆਂ।
ਮੈਂ ਝਖੜਾਂ ਤੋਂ ਨਹੀਂ ਡਰਨਾ ਹਵਾ ਨੂੰ ਬੋਲ ਕੇ ਆਇਆਂ।

ਇਹ ਪੱਥਰਾਂ ਦੀ ਹੀ ਸਾਜ਼ਿਸ਼ ਕਿ ਤਿੜਕਣ ਰੋਜ਼ ਹੀ ਸ਼ੀਸ਼ੇ,
ਕੋਈ ਸਾਬਤ ਨਹੀਂ ਮਿਲਿਆ ਬੜਾ ਹੀ ਫੋਲ ਕੇ ਆਇਆਂ।

ਲਹੂ ਜਦ ਜਾਮ ਵਿੱਚ ਤਕਿਆ,ਕਿਸੇ ਮਾਸੂਮ ਦਾ ਤਰਦਾ,
ਪਿਆਲਾ ਜਾਮ ਦਾ ਭਰਿਆ ਮੈਂ ਓਥੇ ਡੋਲ੍ਹ ਕੇ ਆਇਆਂ।

ਹਵਾਓ ਰੁਮਕਦੇ ਰਹਿਣਾ ਨਾ ਕਰਿਓ ਜ਼ਹਿਰ ਦੀ ਚਿੰਤਾ,
ਮੈਂ ਅਮ੍ਰਿਤ ਵਗਦੀਆਂ ਪੌਣਾਂ ਦੇ ਅੰਦਰ ਘੋਲ ਕੇ ਆਇਆਂ।

ਮਸੀਹਾ ਬਣਾ ਨਹੀਂ ਸਕਿਆ,ਮੈਂ ਉਹਨਾਂ ਲਈ ਬੇਸ਼ੱਕ,
ਜਿਨ੍ਹਾਂ ਲਈ ਸੂਲ਼ੀਆਂ ਉੱਤੇ ਮੈਂ ਉਮਰਾਂ ਰੋਲ਼ ਕੇ ਆਇਆਂ।

**ਆਰ. ਬੀ. ਸੋਹਲ**
**ਗੁਰਦਾਸਪੁਰ**
**+91 95968 98840**

## ਰਾਵਣ

ਇਹ ਜ਼ਰੂਰੀ ਨਹੀਂ ਕਿ ਹਰ ਸਾਲ,
ਰਾਵਣ ਦਾ ਬੁੱਤ ਹੀ ਜਲਾਇਆ ਜਾਵੇ,
ਨੇਕੀ ਤੇ ਬਦੀ ਦਾ ਫਰਕ ਸਮਝਾਇਆ ਜਾਵੇ,
ਇਹ ਢਕਵੰਜ ਹੈ ਨਿਰਾ,
ਹੋਰ ਕੁੱਝ ਵੀ ਨਹੀਂ,
ਹੁਣ ਲੋੜ ਹੈ ਕਿ,
ਇੱਸ ਦਿਖਾਵੇ ਨੂੰ ,
ਦਫਨਾਇਆ ਜਾਵੇ,
ਕੋਈ ਸ਼ਖਸ ਨਹੀਂ ਹੈ ਏਥੇ,
ਪਾਕ ਤੇ ਪਵਿੱਤ੍ਰ,
ਸ਼ੱਕ ਦੇ ਦਾਇਰੇ ਵਿੱਚ ਹਨ,
ਬਹੁਤ ਸਾਰੇ ਚਰਿੱਤ੍ਰ।
ਗੱਲ ਵਖਰੀ ਹੈ,
ਦੁਨੀਆ ਦੀ ਟੀਰੀ ਨਜ਼ਰੇ ,
ਚੜ੍ਹ ਗਏ,
ਕੁੱਝ ਅਜਗਰ ਵਾਂਗ,
ਸੱਭ ਕੁੱਝ ਖਾ ਕੇ ਵੀ,
ਹੋ ਰਹੇ ਸ਼ਾਂਤ।
ਅਨੇਕਾਂ ਸਫੇਦ ਪੋਸ਼,
ਬੈਠੇ ਨੇ ਬਣੇ ਬਗਲੇ ਭਗਤ,
ਪੈਰਾਂ ਚੋਂ ਪ੍ਰੂੰਗ ਚੂੰਡਣ ਲਈ,
ਲਪ ਲਪਾਉਂਦੀ ਹੈ ਭੁੱਖੀ ਆਂਤ,
ਯੁੱਗ ਬਦਲੇ ਹਨ,
ਮੌਸਮ ਬਦਲੇ ਹਨ,
ਸੋਚਾਂ ਵੀ ਬਦਲ ਦਿਉ,
ਮਤੇ ਹੋਰ ਲੰਬੀ ਹੋ ਜਾਵੇ,
ਇਹ ਭਰਮਾਂ ਦੀ ਭੇਡ ਚਾਲ।
ਹਰ ਬੰਦੇ ਦੇ ਸਾਫ ਜ਼ਹਿਨ ਵਿੱਚ,
ਸੋਚ ਦੀ ਹੋਵੇ ਸਿਖਰ,
ਉੱਜਵਲ ਭਵਿੱਖ ਦੇ ਵਾਸਤੇ,
ਛੇੜੋ ਕੋਈ ਐਸਾ ਤਾਲ।
ਪੁਤਲੇ ਜਲਾਉਣ ਨਾਲ ਜੋ,
ਖਤਮ ਹੋ ਜਾਂਦੇ ਇਹ ਰਾਵਣ,
ਤਾਂ ਧਰਤੀ ਦੀ ਕੁੱਖ ਚੋਂ,
ਐ ਲੋਕੋ,
ਪੈਦਾ ਨਾ ਹੁੰਦੇ ਹੋਰ ਲਾਦੇਨ,
ਪੈਦਾ ਨਾ ਹੁੰਦੇ ਹੋਰ ਲਾਦੇਨ।

## ਸਿਆਸਤ

ਮੈਂ ਸਿਆਸਤ ਹਾਂ, ਮੇਰੀ ਵੱਖਰੀ ਪਹਿਚਾਣ,
ਨਾ ਕੋਈ ਦੀਨ ਮੇਰਾ ਨਾ ਕੋਈ ਮੇਰਾ ਈਮਾਨ।
ਮੈਂ ਜਿਸ ਦੀ ਵੀ ਸਰਦਲ ਤੇ ਪੈਰ ਧਰੇ,
ਮੇਰੇ ਚੱਟੇ ਰੁੱਖ ਨਾ ਹੋਏ ਹਰੇ,
ਮੈਨੂੰ ਮਾਰਦੇ ਮੁੱਕ ਗਏ ਕਈ ਲਾ ਲਾ ਕੇ ਤਾਣ।
ਮੈਂ ਸਿਆਸਤ ਹਾਂ ਮੇਰੀ ਵੱਖਰੀ ਪਹਿਚਾਣ।
ਮੈਂ ਨਾ ਜਾਣਾ ਦਿਲ ਜਾਂ ਖੂਨ ਦੀ ਸਾਂਝ,
ਬਸ ਚੜ੍ਹ ਜਾਣਾ ਜੋ ਦੇਂਦੀ ਆਂ ਮਾਂਜ,
ਨਾ ਮੈਂ ਸਾਹਵਾਂ ਨੂੰ ਖੋਹਵਾਂ, ਨਾ ਮੈਂ ਕੱਢਦੀਆਂ ਜਾਨ।
ਮੈਂ ਹਾਂ ਸਿਆਸਤ, ਮੇਰੀ ਵੱਖਰੀ ਪਹਿਚਾਣ।
ਸਦਾ ਗਿਰਗਟ ਦੇ ਵਾਂਗ ਮੈਨ ਬਦਲਦੀ ਹਾਂ ਰੰਗ,
ਆਮ ਲੋਕਾਂ ਤੋਂ ਵੱਖਰਾ ਹੈ ਮੇਰਾ ਜੀਵਣ ਦਾ ਢੰਗ,
ਮੈਨੂੰ ਫੜ ਨਾ ਸਕੇ ਕੋਈ ਮੈਂ ਹਾਂ ਐਸਾ ਮਸਾਣ।
ਮੈਂ ਸਿਆਸਾਤ ਹਾਂ, ਮੇਰੀ ਵੱਖਰੀ ਪਹਿਚਾਣ।
ਐਪਰ ਫਿਰ ਵੀ ਮੈਂ ਆਖਾਂ ਐ ਸੁਣਿਓ ਵੇ ਲੋਕੋ,
ਇਹ ਹੋਛੀ ਤੇ ਗੰਦੀ ਸਿਆਸਤ ਨੂੰ ਰੋਕੋ,
ਨਾ ਮਨੁੱਖਤਾ ਦੇ ਸੀਨੇ ਚੋਂ ਖੋਹਵੋ ਪ੍ਰਾਣ,
ਮੈਂ ਸਿਆਸਤ ਹਾਂ, ਮੇਰੀ ਵੱਖਰੀ ਪਹਿਚਾਣ।

## ਨਾਂਗੇ ਸਾਧੂ

ਲੋਕ ਤੰਤਰ ਦੇ ਕੁੰਭ ਵਿਚੋਂ,
ਨਹਾ ਕੇ ਨਿਕਲਿਆ,
ਇਹ ਨਾਂਗੇ ਸਾਧੂਆਂ ਦਾ ਟੋਲਾ,
ਮੁੜ ਫਿਰ ਪਰਤ ਜਾਵੇਗਾ,
ਪਹਾੜਾਂ ਦੀਆਂ ਖੁੰਦਰਾਂ ਵਿਚ,
ਪੁਰਾਣੇ ਘੁਰਨਿਆਂ ਵਿਚ,
ਜਿਥੇ ਭੁੱਖ ਨਾਲ ਮਰ ਰਹੀ,
ਬਦਰੂਹਾਂ ਦੀ ਆਵਾਜ਼ ਸੁਣਾਈ ਨਹੀਂ ਦਿੰਦੀ,
ਜਿੱਥੇ ਬੇਰੁਜ਼ਗਾਰਾਂ ਦੇ ਹੱਥਾਂ ਵਿਚ,
ਬੋਅ ਮਾਰ ਰਹੀਆਂ ਡਿਗਰੀਆਂ ਦੀ,
ਸੜ੍ਹਾਂਦ ਨਹੀਂ ਪਹੁੰਚਦੀ।
ਜਿਥੇ ਕੁੱਖਾਂ ਵਿਚ ਰਿੜਕੀਆਂ ਧੀਆਂ ਦੇ,
ਖੂਨ ਦੇ ਛਿੱਟੇ ਦਿਖਾਈ ਨਹੀਂ ਦਿੰਦੇ,
ਜਿੱਥੇ ਪੰਜੂ ਤੇ ਛਿੱਬੇ ਨੂੰ,
ਆਜ਼ਾਦੀ ਦੇ ਅਰਥ ਨਹੀਂ ਆਉਂਦੇ,
ਇਹ ਤਾਂ ਸਿਰਫ,
ਬਰਸਾਤੀ ਡੱਡੂਆਂ ਵਾਂਗ,
ਨਿਕਲ ਆਉਂਦੇ ਨੇ,
ਗੜੈਂ ਗੜੈਂ ਕਰਨ,
ਤੇ ਭਰਮਾ ਲੈਂਦੇ ਨੇ,
ਆਪਣੀਆਂ ਫੁੱਲੀਆਂ ਹੋਈਆਂ ਰਗਾਂ ਨਾਲ,
ਹਰੇਕ ਨੂੰ।
ਮੈਂ ਸੋਚਣਾਂ,

ਜੇ ਇਸੇ ਤਰ੍ਹਾਂ,
ਇਹ ਨਾਂਗੇ ਸਾਧੂਆਂ ਦਾ ਟੋਲਾ,
ਇਸ ਕੁੰਭ ਦੇ ਹਵਨ ਕੁੰਡ ਲਈ,
ਗਰੀਬਾਂ ਦੀਆਂ ਆਹੂਤੀਆਂ ਦਿੰਦਾ ਰਿਹਾ,
ਤਾਂ ਇਕ ਦਿਨ,
ਰਾਖਸ਼ ਪੈਦਾ ਹੋਣਗੇ,
ਹਰਨਾਖਸ਼ ਪੈਦਾ ਹੋਣਗੇ,
ਸ਼ੈਤਾਨ ਪੈਦਾ ਹੋਣਗੇ,
ਤੇ ਉਡਾ ਦੇਣਗੇ,
ਇਸ ਲੋਕਤੰਤਰ ਦੀਆਂ ਧੱਜੀਆਂ,
ਤੇ ਵਿਵਰਜਿਤ ਕਰ ਦੇਣਗੇ,
ਇਹ ਨਾਂਗੇ ਸਾਧੂਆਂ ਦਾ ਘੁੰਮਣਾ।

## ਕੋਈ ਤਾਂ ਦਸੋ

ਮੇਰੇ ਗੁਆਂਢ,
ਬਾਜ ਵੀ ਰਹਿੰਦੇ ਨੇ,
ਗਿਰਝਾਂ ਵੀ ਰਹਿੰਦੀਆਂ ਨੇ,
ਤੇ ਦਸੋ, ਮੈਂ ਘਰ,
ਚਿੜੀਆਂ, ਘੁੱਗੀਆਂ, ਕਬੂਤਰਾਂ,
ਕਿਵੇਂ ਪਾਲਾਂ,
ਮੇਰੇ ਗੁਆਂਢ,
ਸ਼ੇਰ ਵੀ ਰਹਿੰਦੇ ਨੇ,
ਚੀਤੇ ਵੀ ਰਹਿੰਦੇ ਨੇ;
ਬਘਿਆੜ ਵੀ ਰਹਿੰਦੇ ਨੇ,
ਤੇ ਲਾਦੇਨ ਵੀ ਰਹਿੰਦੇ ਨੇ,
ਆਖਰ ਕੋਈ ਤਾਂ ਦੱਸੋ,
ਕਿ ਮੈਂ ਕੀ ਪਾਲਾਂ,
ਤਲਵਾਰਾਂ, ਬੰਦੂਕਾਂ,ਟੈਂਕ,
ਐਟਮ ਪਾਲਾਂ,
ਜਾਂ ਮਾਸੂਮ ਜਿੰਦਾਂ ਪਾਲਾਂ,
ਆਖਰ ਕੋਈ ਤਾਂ ਦੱਸੋ,
ਕਿ ਮੈਂ ਕੀ ਪਾਲਾਂ ।

**ਮਹੇਸ਼ ਚੰਦਰਭਾਨੀ**
**ਚੰਦਰ ਭਾਨ , ਗੁਰਦਾਸਪੁਰ।**
**+91 99154 61330**

# ਗੀਤ

ਵੇ ਮੈਂ ਤੇਰੇ ਬਾਝੋਂ ਸਉਣ ‘ਚ ਤਿਹਾਈ ਮਹਿਰਮਾ।
ਤੇਰੀ ਪਿਆਸ ਵਾਲੀ ਮਾਰ ਗਈ ਜੁਦਾਈ ਮਹਿਰਮਾ।

ਸਾਉਣ ਵਿਚ ਪੈਂਦੇ ਨੇ ਫੁਹਾਰੇ ਠੰਡੇ ਅੰਬਰੋਂ
ਅੱਗ ਵਾਂਗੂੰ ਸੜਦੀ ਏ ਜਾਨ ਮੇਰੀ ਅੰਦਰੋਂ,
ਦਸ ਕਿਹੜੀ ਗੱਲੋਂ ਕੀਤੀ ਬੇ ਵਫਾਈ ਮਹਿਰਮਾ।
ਤੇਰੀ ਪਿਆਸ ਵਾਲੀ ਮਾਰ ਗਈ ਜੁਦਾਈ ਮਹਿਰਮਾ।

ਤੇਰੇ ਬਾਝੋਂ ਚੰਨਾ ਸਾਡਾ ਦਿਲ ਨਹੀਓਂ ਲਗਦਾ,
ਦਸ ਕੀ ਰਚਾਇਆ ਰੱਬਾ ਢੋਂਗ ਝੂਠੇ ਜੱਗ ਦਾ।
ਕੋਈ ਸਾਨੂੰ ਵੀ ਦਸ ਦੇ ਸਫਾਈ ਮਹਿਰਮਾ,
ਵੇ ਮੈਂ ਤੇਰੇ ਬਾਝੋਂ ਸਾਉਣ ਚ ਤਿਹਾਈ ਮਹਿਰਮਾ।

ਸੁੱਝਦਾ ਨਾ ਕੋਈ ਕਿਹੜਾ ਲੱਭਾਂ ਤੇਰੇ ਹਾਣ ਦਾ,
ਦੁਨੀਆ ਦੇ ਵਿਚ ਮੈਨੂੰ ਕੋਈ ਨਹੀਓਂ ਜਾਣਦਾ।
ਬਣੀ ਤੇਰੇ ਬਿਨਾਂ ਸੱਚੀਂ ਮੈਂ ਸੁਦਾਈ ਮਹਿਰਮਾ,
ਵੇ ਮੈਂ ਤੇਰੇ ਬਾਝੋਂ ਸਉਣ ਚ’ ਤਿਹਾਈ ਮਹਿਰਮਾ।

ਤੇਰੇ ਬਾਝੋਂ ਹੁਣ ਦਮ ਜਾਂਦਾ ਸੁੱਕਿਆ,
ਜਾਪਦਾ ਏ ਦੁਨੀਆਂ ਚੋਂ ਅੰਨ ਪਾਣੀ ਮੁੱਕਿਆ।
ਮੈਨੂੰ ਖੁਸ਼ੀ ਦੀ ਘੜੀ ਨਾ ਕੋਈ ਆਈ ਮਹਿਰਮਾ।
ਵੇ ਮੈਂ ਤੇਰੇ ਬਾਝੋਂ ਸਉਣ ,ਚ ਤਿਹਾਈ ਮਹਿਰਮਾ।

ਜਲ ਥਲ ਹੋਵੇ ਗਾ ਜੇ ਆਵੇਂ ਚੱਲ ਕੇ,
ਪੈਂਦੇ ਨੇ ਭੁਲੇਖੇ ਮੈਨੂੰ ਤੇਰੇ ਪਲ ਪਲ ਤੇ,
ਪਾਉਂਦਾ ” ਬ੍ਰੀਰੇ ਸ਼ਾਹ ” ਵੀ ਅੱਜ ਇਹ ਦੁਹਾਈ ਮਹਿਰਮਾ,
ਵੇ ਮੈਂ ਤੇਰੇ ਬਾਝੋਂ ਸਉਣ ,ਚ ਤਿਹਾਈ ਮਹਿਰਮਾ।

## ਗੀਤ

ਇਨ੍ਹਾਂ ਅੱਖੀਆਂ ਚੋਂ ਜਾਮ ਪਿਆਦੇ ਵੇ ਹੋਰ ਅਸਾਂ ਕੀ ਮੰਗਣਾ।

ਨੈਣਾਂ ਨਾਲ ਨੈਣ ਜਦੋਂ ਸਾਡੇ ਚ, ਮਿਲਾਂਵੇਂਗਾ,
ਦਿਲ ਦੇ ਕੇ ਸਾਨੂੰ ਸਾਡੇ ਦਿਲ ,ਚ ਡੇਰਾ ਲਾਂਵੇਂਗਾ।
ਸੁੰਨੀ ਕੁੱਲੀ ਵਿਚ ਫੇਰਾ ਇਕ ਪਾ ਦੇ,ਵੇ ਹੋਰ ਅਸਾਂ ਕੀ ਮੰਗਣਾ।

ਨੈਣਾਂ ਵਿਚ ਵੱਸ ਕੇ, ਤੂੰ ਜਾਂਵੇਂਗਾ ਨਾ ਦੂਰ ਵੇ,
ਤੇਰੇ ਲੜ ਲਾਇਆ ਅਸਾਂ ਜ਼ਿੰਦਗੀ ਦਾ ਪੂਰ ਵੇ,
ਸਾਨੂੰ ਪਿਆਰ ਨਾਲ ਅੱਜ ਤੂੰ ਬੁਲਾ ਦੇ ਵੇ ਹੋਰ ਅਸਾਂ ਕੀ ਮੰਗਣਾ।

ਭਾਂਵੇਂ ਅੱਖਾਂ ਖੁਲ੍ਹੀਆਂ ਭਾਂਵੇਂ ਹੋਣ ਬੰਦ ਵੇ,
ਹਰ ਵੇਲੇ ਅੱਖੀਆਂ ਚ, ਤੇਰਾ ਹੀ ਅਨੰਦ ਵੇ,
ਦੋਹਾਂ ਰੂਹਾਂ ਦੇ ਮੇਲ ਕਰਾ ਦੇ,ਵੇ ਅਸਾਂ ਹੋਰ ਕੀ ਮੰਗਣਾ।

ਗੱਲ ਸੁਣ ਯਾਰਾ ਸਾਡੀ ਅੱਖੀਆਂ ਚ, ਤੂੰ ਵੇ,
ਤਾਂਹੀਓਂ ਤੈਨੂੰ ਯਾਦ ਕਰੇ ਸਾਡਾ ਲੂੰ ਲੂੰ ਵੇ।
ਆਪ ਹੱਸ ਲੈ ਤੂੰ ਸਾਨੂੰ ਹਸਾ ਦੇ ਵੇ ਅਸਾਂ ਹੋਰ ਕੀ ਮੰਗਣਾ।

ਨੈਣਾਂ ਵਾਲਾ ਜਾਮ ਤੈਥੋਂ ਪੀਵਾਂ ਘੁੱਟ ਘੁੱਟ ਭਰਕੇ,
ਜ਼ਿੰਦਗੀ ਦਾ ਨਸ਼ਾ ਮੇਰਾ,ਨਾ ਜਾਵੇ ਕਿਤੇ ਮਰਕੇ,
ਦਿਲ ਬ੍ਹੀਰੇ ਸ਼ਾਹ ਦਾ ਬੁਝਿਆ ਜਗਾ ਦੇ,ਵੇ ਅਸਾਂ ਹੋਰ ਕੀ ਮੰਗਣਾ।

## ਗਲੀ ਗਲੀ ਵਿਚ ਹੋਕਾ ਦੇਵਾਂ

ਗਲੀ ਗਲੀ ਵਿਚ ਹੋਕਾ ਦੇਵਾਂ,ਗੱਲਾਂ ਸੁਣ ਲਓ ਯਾਰ ਦੀਆਂ।
ਨਾ ਆਰ ਦੀਆਂ ਨਾ ਪਾਰ ਦੀਆਂ,ਗੱਲਾਂ ਨਵੀਂ ਬਹਾਰ ਦੀਆਂ।

ਯਾਰ ਪਿਆਰਾ ਹਸ ਕੇ ਕਹਿੰਦਾ,ਅੜੀਓ ਕੀ ਲੈਣਾ ਕੀ ਦੇਣਾ ਏਂ
ਦਿਲ ਦੇ ਦਿਲ ਜਿੱਤ ਲਓ ਸਈਓ,ਮੁੜ ਕੇ ਕੋਈ ਨਾ ਮੇਹਣਾ ਏਂ,
ਹੰਕਾਰ ਨਾ ਕਰਨਾ ਸ਼ੁਭ ਕੰਮ ਕਰਕੇ,ਸਿਫਤਾਂ ਨੇ ਸਭ ਪਿਆਰ ਦੀਆਂ,
ਗਲੀ ਗਲੀ ਵਿਚ ਹੋਕਾ ਦੇਵਾਂ ਗੱਲ ਸੁਣ ਲਓ ਯਾਰ ਦੀਆਂ।
ਨਾ ਆਰ ਦੀਆਂ ਨਾ ਪਾਰ ਦੀਆਂ,ਇਹ ਸਭ ਤੋਂ ਨਵੀਂ ਬਹਾਰ ਦੀਆਂ।

ਇਕ ਗੱਲ ਕਹਿੰਦਾ ਯਾਰ ਪਿਆਰਾ,ਮਿਹਣਤ ਕਰ ਲਓ ਰੱਜ ਕੇ ਜੀ,
ਸੱਚੀ ਸੁੱਚੀ ਮਿਹਣਤ ਨੂੰ ਤੁਸੀਂ ਬਹਿਣਾ ਨਹੀਂ ਕਦੇ ਛੱਡ ਕੇ ਜੀ,
ਭਲਾ ਹੋਣਾ ਏਂ ਉਨ੍ਹਾਂ ਰੂਹਾਂ ਦਾ,ਜੋ ਗੱਲਾਂ ਕਰਨ ਪਿਆਰ ਦੀਆ,
ਨਾ ਆਰ ਦੀਆਂ ਨਾ ਪਾਰ ਦੀਆਂ,ਇਹ ਸਭ ਤੋਂ ਨਵੀਂ ਬਹਾਰ ਦੀਆਂ।
ਗਲੀ ਗਲੀ ਵਿਚ ਹੋਕਾ ਦੇਵਾਂ,ਗੱਲਾਂ ਸੁਣ ਲਓ ਯਾਰ ਦੀਆਂ।

ਯਾਰ ਨਾ ਵੇਖੇ ਜ਼ਾਤ ਪਾਤ ਨੂੰ,ਨਾ ਵੇਖੇ ਰਿਸ਼ਤੇ ਦਾਰੀ ਜੀ,
ਯਾਰ ਜਿਨ੍ਹਾਂ ਦੇ ਮਿਹਰਾਂ ਕਰਦੇ,ਖਿਲ ਜਾਂਦੀ ਫੁੱਲਵਾੜੀ ਜੀ,
,ਬ੍ਹੀਰੇ ਸ਼ਾਹ'. ਦਸ ਹੋਰ ਕੀ ਲੈਣਾ,ਇਹ ਸਿਫਤ ਸੱਚੀ ਸਕਾਰ ਦੀਆਂ;
ਗਲੀ ਗਲੀ ਵਿਚ ਹੋਕਾ ਦੇਵਾਂ,ਗੱਲਾਂ ਸੁਣ ਲਓ ਯਾਰ ਦੀਆਂ;
ਨਾ ਆਰ ਦੀਆਂ ਨਾ ਪਾਰ ਦੀਆਂ,ਇਹ ਸਭ ਤੋਂ ਨਵੀਂ ਬਹਾਰ ਦੀਆਂ।

**ਬਲਬੀਰ ਚੰਦ,+91 98883 28567**
**ਬੀਰਾ ਪਿੰਡ ਗਾਂਧੀਆਂ ( ਗੁਰਦਾਸਪੁਰ)**

## ਹੁਸਨਾਂ ਦੀ ਨਮੈਸ਼

ਹੁਸਨਾਂ ਦੀ ਲੱਗੀ ਚੰਡੀਗੜ੍ਹ ਚ ਨਮੈਸ਼,
ਝੱਲੀ ਨਹੀਉਂ ਜਾਂਦੀ ਰੰਗ ਰੂਪ ਵਾਲੀ ਡੈਹਸ਼,
ਵਿਦੇਸ਼ ਚੋਂ ਆਈਆਂ ਨੇ ਲੰਮੀਆਂ ਉਡਾਰਾਂ,
ਇਕ ਦੂਜੀ ਕੋਲੋਂ ਵੱਧ ਕੱਢਦੀ ਏ ਟੌਹਰ,
ਮੁੰਡੇ ਕਰਦੇ ਨੇ ਉਨ੍ਹਾਂ ਉਤੇ ਵਖੋ ਵਖ ਗੌਰ,
ਕਈ ਤਰ੍ਹਾ ਦੇ ਬਗੀਚੇ,
ਵਿਛੇ ਘਾ ਦੇ ਗਲੀਚੇ,
ਆਈਆਂ ਬਾਹਰਲੇ ਦੇਸ਼ ਚੋਂ ਨਾਰਾਂ,
ਹੁਸਨਾਂ ਦੀ,,,,,,,,,,,,
ਵੰਨ ਸੁਵੰਨੇ ਨੇ ਕਈ ਤਰ੍ਹਾਂ ਦੇ ਨੇ ਫੁੱਲ,
ਹਰ ਕੋਈ ਜਾਂਦਾ,ਉਨ੍ਹਾਂ ਉਤੇ ਡੁਲ੍ਹ,
ਵੇਖ ਅੱਜ ਸਾਰੀਆਂ ਦੀ ਤੋਰ,
ਚੜ੍ਹੀ ਮੁੰਡਿਆਂ ਨੂੰ ਲੋਰ,
ਖੜੀਆਂ ਬਗੀਚਿਆਂ ਚ,ਕਾਰਾਂ,
ਹੁਸਨਾਂ ਦੀ ਲਗੀ .............
ਆਪਣੇ ਤੇ ਤੂੰ, ਨਾ ਕਦੇ ਬਹਿਣ ਦੇਵੇਂ ਮੱਖੀ,
"ਪਪੀਹਾ ਪੜ੍ਹਦਾ ਹੈ ਨਿੱਤ ਅਖਬਾਰਾਂ,
ਹੁਸਨਾਂ ਦੀ ਲੱਗੀ ਚੰਡੀਗੜ੍ਹ ਚ ਨਮੈਸ਼,
ਝੱਲੀ ਨਹੀਉਂ ਜਾਂਦੀ ਰੰਗ ਰੂਪ ਵਾਲੀ ਡੈਹਸ਼।

**ਸ਼ਿਵ " ਪਪੀਹਾ"**
**ਪਨਿਆੜ ਗਾਂਧੀਆਂ,**
**ਗੁਰਦਾਸਪੁਰ**

## ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ

ਜੱਗ ਆਪੋ ਆਪਣੀ ਵਜਾਈ ਜਾਂਦਾ ਏ,
ਹਸਦੇ ਨੂੰ ਕੋਈ ਪਿਆ ਰੁਵਾਈ ਜਾਂਦਾ ਏ,

ਫਾਇਦਾ ਕੀ ਉਡਾ ਕੇ ਕਿਸੇ ਦੇ ਮਜ਼ਾਕ ਦਾ,
ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ।

ਹੰਕਾਰ ਨੂੰ ਵਧਾਉਂਦੇ ਨੇ ਖਜੂਰ ਵਾਂਗਰਾਂ,
ਲੇਖਾ ਦੇਣਾ ਪੈਣੈਂ,ਪਿਛਲੇ ਹਿਸਾਬ ਦਾ।

ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ।
ਲੁੱਟ ਕੇ ਤੇ ਧਰਮੀਆਂ ਨੂੰ ਖਾਂਦੇ ਜਾਂਦੇ ਜੋ,
ਪਤਾ ਲੱਗੂ ਕੰਮ ਕੀਤੇ ਹੋਏ ਖਰਾਬ ਦਾ,
ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ।

ਭੁੱਲ ਗਿਆ ਕਾਸ ਨੂੰ ਤੂੰ ਲੀਹਾਂ ਪਾਣੀਆਂ,
ਬਾਜਵਾ ਜੀ ਗਿਝ ਗਏ ਓ ਖੀਰਾਂ ਖਾਣੀਆਂ,
ਪੁੱਤ ਕਿਉਂ ਬਣਿਆ ਫਿਰੇਂ ਨਵਾਬ ਦਾ,
ਸੌ ਦਿਨ ਚੋਰ ਦਾ ਤੇ ਇੱਕ ਦਿਨ ਸਾਧ ਦਾ।

## ਫੌਜੀ ਵੀਰਾਂ ਨੂੰ

ਮੇਰੇ ਫੌਜੀ ਵੀਰ ਜਵਾਨੋ,
ਉਏ ਮੇਰੇ ਦੇਸ਼ ਦਿਓ ਭਗਵਾਨੋ,
ਨਮਸਕਾਰ ਬਲਾਵਾਂ ਮੈਂ।=,
ਤੁਹਾਡੀ ਹਿੰਮਤ ਭਰੀ ਕੁਰਬਾਨੀ ਦਾ ,
ਇੱਕ ਗੀਤ ਸੁਣਾਂਵਾਂ ਮੈਂ।

ਤੁਹਾਡੇ ਫੁੱਲਾਂ ਵਰਗੇ ਚਿਹਰੇ,
ਤੁ ਪਰਬਤ ਵਰਗੇ ਚਿਹਰੇ,
ਤਾਂਹੀਓਂ ਲਿਖਾਂ ਮੈਂ ਸਿਫਤ ਤੁਹਾਡੀ,
ਨਾਲੇ ਸੀਸ ਝੁਕਾਂਵਾਂ ਮੈਂ,
ਤੁਹਾਡੀ ਹਿੰਮਤ ਭਰੀ ਜਵਾਨੀ ਦਾ,

ਇੱਕ ਗੀਤ ਸੁਣਾਂਵਾਂ ਮੈਂ।
ਤੁਸੀਂ ਤਾਂ ਮੌਤ ਕੋਲੋਂ ਨਹੀਂ ਡਰਦੇ,
ਸਰਜੀਕਲ ਸਟਰਾਈਕ ਹੋਕਰਦੇ,
ਤੁਹਾਨੂੰ ਨਿੱਤ ਬਰਫਾਂ ਵਿੱਚ ਤੱਕਾਂ,
ਜਦੋਂ ਟੈਲੀਵੀਜ਼ਨ ਲਾਂਵਾਂ ਮੈਂ,
ਤੁਹਾਡੀ ਹਿੰਮਤ ਭਰੀ ਕੁਰਬਾਨੀ ਦਾ,

ਇਕ ਗੀਤ ਸੁਣਾਂਵਾਂ ਮੈਂ।
ਛਡ ਪਰਿਵਾਰ ਨੂੰ ਘਰੀਂ ਜਵਾਨੋ,
ਹਰ ਇਕ ਦੇ ਦਿਲ ਦੇ ਮਹਿਮਾਨੋ।
ਛਾਤੀਆਂ ਤਾਣ ਬਾਰਡਰ ਤੇ ਫਿਰਦੇ,
ਕਦੇ ਨਾ ਦਿਲੋਂ ਭੁਲਾਂਵਾਂ ਮੈਂ,
ਤੁਹਾਡੀ ਹਿੰਮਤ ਭਰੀ ਕੁਰਬਾਨੀ ਦਾ,

ਇਕ ਗੀਤ ਸੁਣਾਂਵਾਂ ਮੈਂ।
ਬੀ.ਐਸ.ਐਫ. ਦੇ ਫੌਜੀ ਵੀਰੋ,
ਸ਼ਹਾਦਤ ਦੇ ਤੁਸੀਂ ਹੀਰੋ,
ਮੰਜ਼ਲ ਤੁਹਾਡੀਆਂ ਸਿਫਤਾਂ ਦੀ;
ਕਲਮ ਦੇ ਨਾਲ ਵਧਾਵਾਂ ਮੈਂ।
ਤੁਹਾਡੀ ਹਿੰਮਤ ਭਰੀ ਕੁਰਬਾਨੀਆਂ ਦਾ;

ਇੱਕ ਗੀਤ ਸੁਣਾਂਵਾਂ ਮੈਂ।
ਮੇਰੇ ਫੌਜੀ ਵੀਰ ਜਵਾਨੋ,
ਨਮਸਕਾਰ ਬੁਲਾਂਵਾਂ ਮੈਂ।
ਤੁਹਾਡੀ ਹਿੰਮਤ ਭਰੀ ਕੁਰਬਾਨੀਆਂ ਦਾ,

## ਸਿੱਖੀ

ਸਿਰ ਕਲਮ ਕਰਾਉਣੇ ਪੈਂਦੇ
ਸਿੱਖੀ ਦੀ ਆਨ ਤੇ ਸ਼ਾਨ ਲਈ।

ਗੁਰੂ ਨਾਨਕ ਜੀ ਦੀ ਸਿੱਖੀ ਨੂੰ
ਕੁੱਝ ਜਾਨ ਗਏ ਨੇ ਰਮਜ਼ਾਂ ਨੂੰ,

ਕੁਝ ਐਸੇ ਵੀ ਤਾਂ ਹੈਗੇ ਨੇ,
ਆਈ ਸਮਝ ਨਹੀਂ ਬੇ ਸਮਝਾਂ ਨੂੰ।
ਰੂਪ ਧਾਰ ਪ੍ਰਗਟ ਹੋਏ,
ਸਤਿ ਗੁਰ ਦਸਵੇਂ ਜਾਮੇ ਦਾ,

ਨੌਂ ਸਾਲ ਦੀ ਉਮਰ ਸੀ ਬਚਪਨ ਦੀ,
ਪਤਾ ਲਿਆ ਸੀ ਆਣ ਜ਼ਮਾਨੇ ਦਾ।
ਜਦ ਜੰਜੂ ਲਹਿੰਦੇ ਰੋਕਣ ਲਈ,

ਪਿਤਾ ਦੇਣ ਲਈ ਤੋਰ ਦਿੱਤੇ,
ਜਾਬਰ ਨੂੰ ਸਬਕ ਸਿਖਾਵਣ ਲਈ,
ਯੁਧਾਂ ਵਿਚ ਛੱਕੇ ਛੋੜ ਦਿੱਤੇ।
ਫੜ ਬਿਜਲੀ ਜਿਹੀ ਤਲਵਾਰ ਨੂੰ,
ਢੰਗ ਲਭਿਆਂ ਜ਼ੁਲਮ ਮਿਟਾਣੇ ਦਾ,

ਪੰਜ ਸੀਸਾਂ ਦੀ ਕੁਰਬਾਨੀ ਲੈ,
ਕੌਤਕ ਅਮ੍ਰਿਤ ਵਰਸਾਣੇ ਦਾ।

ਫਿਰ ਸਾਜਿਆ ਪੰਥ ਨਿਆਰੇ ਨੂੰ,
ਸੀਸ ਨੂੰ ਤਲੀ ਟਿਕਾਣ ਲਈ,
ਸਿਰ ਕਲਮ ਕਰਾਉਣੇ ਪੈਂਦੇ ਨੇ,
ਸਿਖੀ ਦੀ ਆਨ ਤੇ ਸ਼ਾਨ ਲਈ।

ਇਕ ਦੁਸ਼ਮਣ ਸੰਨ ਚੁਰਾਸੀ ਵਿਚ,
ਚੜ੍ਹ ਵਾਂਗ ਤੂਫਾਨਾਂ ਆਇਆ ਸੀ।

ਹਰਿ ਮੰਦਰ ਤਖਤ ਅਕਾਲ ਨੂੰ ਵੀ,
ਉਸ ਗੋਲਿਆਂ ਨਾਲ ਉਡਾਇਆ ਸੀ।

ਅਜੀਤ ਜੁਝਾਰ ਬਣ ਆ ਗਏ ਸੀ,
ਸ਼ਹੀਦੀ ਦਾ ਬਿਗਲ ਵਜਾ ਦਿੱਤਾ।

ਲਾਈ ਦੇਰ ਨਾ ਦੋਹਾਂ ਸ਼ੇਰਾਂ ਨੇ,
ਦੁਸ਼ਮਣ ਦਾ ਭੋਗ ਸੀ ਪਾ ਦਿੱਤਾ।
ਸਭ ਇੱਥੇ ਹੀ ਨੇ, ਬਾਜਵਿਆ,
ਜੋ ਸੋਚਣ ਧਰਮ ਬਚਾਣ ਲਈ।

ਸਿਰ ਕਲਮ ਕਰਾਓਣੇ ਪੈਂਦੇ ਨੇ,
ਸਿੱਖੀ ਦੀ ਆਨ ਤੇ ਸ਼ਾਨ ਲਈ।

**ਗੁਰਬਚਨ ਸਿੰਘ ਬਚਨ ਬਾਜਵਾ**
**ਪਿੰਡ ਡੈਣੀਪਸਵਾਲ ਗੁਰਦਾਸ ਪੁਰ**
**+91 94647 66150**

## ਹਾਲਾਤ

ਸੋਚ ਜ਼ਰਾ ਲੰਮੀ ਕਰ ਤੂੰ ਵਿਚਾਰ,
ਦੇਖ ਜ਼ਰਾ ਕੀ ਹੋ ਰਿਹਾ ਵਿਚ ਸੰਸਾਰ।
ਰੂਪ ਰੱਬ ਦਾ ਜਿਥੇ ਸੀ ਵੱਸਦਾ,
ਦੁਖੀ ਸਾਰੀ ਦੁਨੀਆ ਮਚੀ ਹਾਹਾ ਕਾਰ ।

ਕਹੇ ਗੁਰੂ ਪੀਰਾਂ ਦੇ ਨੂੰ ਹਰ ਕੋਈ ਭੁੱਲਿਆ,
ਮਨੁੱਖਤਾ ਦਾ ਪਿਆਰ ਛਡ ਕਾਤਲਾਂ ਤੇ ਡੁਲ੍ਹਿਆ,
ਬੇਗੁਨਾਹਾਂ ਤਾਈਂ ਦਸਣ ਗੁਨਹਾਗਾਰ,
ਦੇਖ ਜ਼ਰਾ ਕੀ ਹੋ ਰਿਹਾ ਵਿਚ ਸੰਸਾਰ।

ਐਟਮਾਂ ਤੇ ਬੰਬਾਂ ਦੀਆਂ ਕੀਤੀਆਂ ਤਿਆਰੀਆਂ,
ਤੰਦਾਂ ਮੋਹ ਪਿਆਰ ਦੀਆਂ ਟੁੱਟੀਆਂ ਨੇ ਸਾਰੀਆਂ,
ਹਿੰਦੂ ਸਿਖ ਪਿਆਰ ਵਾਲਾ ਟੁਟਿਆ ਪਿਆਰ ।
ਦੇਖ ਜ਼ਰਾ ਕੀ ਹੋ ਰਿਹਾ ਵਿਚ ਸੰਸਾਰ।

ਖੁਦ ਗਰਜ਼ੀ ਮਤਲਬੀ ਦਾ ਪਸਰਿਆ ਪਸਾਰਾ,
ਮਿਲਦਾ ਨਾ ਪਿਆ ਕਿਤੋਂ ਪਿਆਰ ਦਾ ਹੁੰਗਾਰਾ,
ਬੰਦੂਕਾਂ ਦੀਆਂ ਨੋਕਾਂ ਤੇ ਹੋਰਹੀ ਲੋੱ ਮਾਰ ਏ।
ਦੇਖ ਜ਼ਰਾ ਕੀ ਹੋ ਰਿਹਾ ਵਿਚ ਸੰਸਾਰ ਏ।

## ਦਾਰੂ ( ਸ਼ਰਾਬ)

ਸੁਣ ਲਓ ਹਾਲ ਦਾਰੂ ਦਾ ਸਜਨੋ,ਇਸ ਦੀ ਆਦਤ ਪਾਇਓ ਨਾ,
ਅਮੀਰਾਂ ਤੋਂ ਕੰਗਾਲ ਇਹ ਕਰਦੀ,ਘਰ ਵਿਚ ਪੈਰ ਪੁਆਓ ਨਾ।

ਲੱਖ ਰੋਗਾਂ ਦੀ ਜੜ੍ਹ ਹੈ ਇਹ,ਝਗੜੇ ਬੜੇ ਕਰਾਉਂਦੀ ਇਹ,
ਕਮਲੇ ਕਰਦੀ ਅਕਲਮੰਦਾਂ ਤੋਂ,ਸ਼ਰਮ ਹਯਾ ਗੁਆਉਂਦੀ ਇਹ,

ਘਰ ਘਾਟ ,ਜ਼ਮੀਨਾਂ, ਗਹਿਣੇ,ਕੌਡੀਆਂ ਭਾਅ ਵਿਕਾਵੇ ਦਾਰੂ,
ਚੰਗਾ ਕੰਮ ਕੋਈ ਕਰਨ ਨਾ ਦੇਵੇ,ਮੰਦੇ ਬੋਲ ਸਿਖਾਵੇ ਦਾਰੂ।

ਇਜ਼ਤ ਤੋਂ ਇਹ ਕਰੇ ਬੇ ਇਜ਼ਤ,ਮਨੁੱਖ ਪਸ਼ੂ ਦਾ ਫਰਕ ਮਿਟਾਵੇ,
ਅਸਲੀ ਨਾਂ ਤੇ ਪੋਚੀ ਫੇਰੇ, ਸੱਭ ਤੋਂ ਅਮਲੀ ਅਮਲੀ ਕਹਾਵੇ।

ਰਾਜ ਖੁਹਾ ਕੇ ਸ਼ਹਿਨਸ਼ਾਹਾਂ ਤੋਂ, ਸੁਟਾ ਦਿੰਦੀ ਇਹ ਜੇਲ੍ਹਾਂ ਅੰਦਰ,
ਜੀਵਣ ਦੀ ਅਨਮੋਲ ਦਾਤ ਨੂੰ,ਖਤਮ ਕਰੇ ਇਹ ਦਿਨਾਂ ਦੇ ਅੰਦਰ।

ਸਿਰ ਤੇ ਪੱਗ ਨਾ ਪੈਰੀਂ ਜੁੱਤੀ,ਖਿਲਰੇ ਰਹਿੰਦੇ ਸਿਰ ਦੇ ਵਾਲ,
ਗਲੀਆਂ ਨਾਲੀਆਂ ਵਿਚ ਲਿਟਾਵੇ ਕਰ ਦੇਵੇ ਹਾਲੋਂ ਬੇਹਾਲ,

ਲਾਈ ਯਾਰੀ ਜਿਨ੍ਹਾਂ ਨਾਲ ਇਸ ਦੇ,ਆਪਣਾ ਆਪ ਮੁਕਾ ਗਏ ਨੇ,
ਪਿੱਛੇ ਰਹਿੰਦੇ ਧੀਆਂ ਪੁੱਤਰਾਂ ਨੂੰ ਪਰ ਮਿੱਟੀ ਨਾਲ ਮਿਲਾ ਗਏ ਨੇ।

ਗੱਲ ਸਿਆਣਿਆਂ ਦੀ ਮੰਨ ਲਓ,ਹੱਥ ਦਾਰੂ ਨੂੰ ਲਾਇਓ ਨਾ,
ਅਮੀਰਾਂ ਤੋਂ ਕੰਗਾਲ ਇਹ ਕਰਦੀ,ਘਰ ਵਿਚ ਪੈਰ ਪੁਆਇਓ ਨਾ।

## ਚਾਰ ਰੁਬਾਈਆਂ

1

ਸਫਰ ਨਾਲ ਅਣਜਾਣਾਂ ਕਰਨਾ,ਨਾਲ ਪੁਲਿਸ ਦੇ ਯਾਰੀ,
ਚੋਰਾਂ ਦੇ ਨਾਲ ਭੇਤ ਖੋਲ੍ਹਣਾ,ਬਹਿਣਾ ਕੋਲ ਵਿਭਚਾਰੀ,
ਦੁਨੀਆ ਦੇ ਵਿਚ ਰਹਿਕੇ ਸਜਨੋ ਇਹ ਕਦੀ ਨਾ ਕਰਨਾ,
ਕਈਆਂ ਇਨ੍ਹਾਂ ਨਾਲ ਯਾਰੀ ਲਾ ਕੇ ਜੀਵਣ ਬਾਜ਼ੀ ਹਾਰੀ।

2.

ਬਗਲਾ ਚੁਗੇ ਨਾ ਹੀਰੇ ਮੋਤੀ,ਹੰਸ ਨਾ ਖਾਂਦਾ ਮਾਸ,
ਹਾਥੀ ਕਰੇ ਸ਼ਿਕਾਰ ਕਦੀ ਨਾ,ਸ਼ੇਰ ਨਾ ਖਾਵੇ ਘਾਸ।
ਪਸੂ ਪੰਛੀ,ਸਬਰ ਦੇ ਪੱਕੇ,ਜੋ ਬੇ ਸਬਰੇ ਨਾ ਹੁੰਦੇ,
ਬੇਸਬਰਾ ਇਨਸਾਨ ਬੜਾ ਹੈ,ਖਾ ਜਾਏ ਘਾਹ ਤੇ ਮਾਸ।

3.

ਕੁੱਕੜ ਕੀੜੀ ਕਾਂ ਇਹ ਤਿੰਨੋਂ,ਪਾਲਣ ਆਪਣਾ ਪਰਿਵਾਰ,
ਪੁੱਤ, ਧੀ ਵਿਚ ਫਰਕ ਨਾ ਸਮਝਣ,ਰਹਿੰਦੇ ਨਾਲ ਪਿਆਰ.
ਇਨ੍ਹਾਂ ਤੋਂ ਇਨਸਾਨ ਹੈ ਮਾੜਾ,ਕਰਦਾ ਸਦਾ ਵਿਗਾੜ,
ਪੁੱਤ ਨਾਲੋਂ ਧੀ ਮਾੜੀ ਸਮਝੇ ,ਕੁੱਖ ਵਿਚ ਦੇਵੇ ਮਾਰ।

4.

ਕੌਡੀ ਕੌਡੀ ਜੋੜ ਕੇ ਬੰਦਾ,ਸੁੰਦਰ ਮਹਿਲ ਬਣਾਵੇ,
ਪੁੱਤ ਪੋਤਿਆਂ ਧੀਆਂ ਦੇ ਸੰਗ, ਜੱਗ ਵਿਚ ਪਿਆਰ ਜਤਾਵੇ,
ਪਰ ਇਹ ਝੂਠੇ ਰਿਸ਼ਤੇ ਸਾਰੇ,ਵੇਖਦਿਆਂ ਮੁਕ ਜਾਂਦੇ,
ਅਸਲੀ ਰਿਸ਼ਤਾ ਰੱਬ ਸੱਚੇ ਦਾ,ਓੜਕ ਸਾਥ ਨਿਭਾਵੇ।

**ਨਰੰਜਣ ਸਿੰਘ "ਪਾਰਸ"**
**ਨਵਾਂ ਪਿੰਡ ਬਹਾਦਰ**
**+91 95019 50098**

## ਅੱਖਾਂ ਵਾਲਿਓ

ਅੱਖਾਂ ਵਾਲਿਉ ਬੇਸ਼ੱਕ ਰੱਜ ਤੱਕੋ,
ਪਰ ਰੱਖੋ ਮਾੜੀ ਕਿਸੇ ਤੇ ਅੱਖ ਲੋਕੋ।
ਸੁੱਖ ਵੇਲੇ ਦੇ ਦੋਸ ਕਈ ਲੱਖ ਲੋਕੋ।
ਦੋਸਤ ਆਖ ਕੇ ਦੋਸਤ ਨੂੰ ਦਗਾ ਦੇਣ ਦਗਾ,
ਨਹੀਂ ਉਸ ਨੂੰ ਦੋਸਤ ਕਹਾਉਣ ਦਾ ਹੱਕ ਲੋਕੋ।
ਜਿਸ ਨੂੰ ਸਦਾ ਆਪਣਾ ਰਹੇ ਕਹਿੰਦੇ,
ਉਹੀ ਮਾਰਦਾ ਸਿਰ ਤੇ ਸੱਟ ਲੋਕੋ।
ਪਰ ਬੁਰਾ ਇਕ ਤੋਂ ਵੀ ਵੱਧ ਕੇ ਹੈ,
ਸੱਚੇ ਦੋਸਤ ਤੇ ਕਰਨਾ ਸ਼ੱਕ ਲੋਕੋ।

## ਭੁੱਲਿਆ ਵਿਰਸਾ

ਅੱਜ ਵਿਰਸਾ ਸਾਡਾ ਨਹੀਂ ਲੱਭਦਾ,ਨਾ ਲੱਭਦਾ ਸੱਭਿਆ ਚਾਰ,
ਨਾ ਮੇਲੇ ਵਿਚ ਭੰਗੜਾ ਲੱਭੇ,ਨਾ ਤੀਆਂ ’ਚ ਮੁਟਿਆਰ।

ਨਾ ਸੱਥਾਂ ਵਿੱਚ ਰੌਣਕ ਲੱਭਦੀ, ਨਾ ਬੋਲੀਆਂ ਦੀ ਭਰਮਾਰ,
ਨਾ ਖੂਹ ਵਿਚ ਟਿੰਡਾਂ ਲੱਭਦੀਆਂ ਨੇ,ਨਾ ਖੇਤਾਂ ’ਚ ਹੱਲ-ਦਾਰ।

ਅੱਜ ਪਿੰਡਾਂ ਤੇ ਸ਼ਹਿਰਾਂ ਵਿਚ ਫਰਕ ਨਾ ਆਵੇ,
ਅੱਜ ਸਾਹ ਲੈਣਾਓਲਲਲਲਕਲ;ਲ ਵੀ ਔਖਾ ਏ, ਪ੍ਰਦੂਸ਼ਣ ਵਧਦਾ ਜਾਵੇ।

ਆ ਗਏ ਟਰੈਕਟਰ ਖੇਤਾਂ ਵਿਚ , ਚੱਲ ਪਏ ਪੰਜਾਬੀ ਵਿਦੇਸ਼ਾਂ ਵਿਚ,
ਬਾਜੀਗਰ ਨਾ ਬਾਜੀ ਪਾਉਂਦੇ,ਪਹਿਲਵਾਨ ਨਾ ਦੰਗਲ ਲਾਉਂਦੇ ਨੇ,

ਪਹਿਲਾਂ ਪਿਆਰ ਦੀ ਵੰਡਦੇ ਦੌਲਤ ਸੀ,ਹੁਣ ਨਫਰਤ ਨੂੰ ਵੰਡਦੇ ਨੇ,
ਅੱਜ ਕਲ ਪੈਸੇ ਦੀ ਖਾਤਰ ਮਾਂ ਬਾਪ ਨੂੰ ਸੂਲੀ ਟੰਗਦੇ ਨੇ।

ਨਾ ਭਾਈਆਂ ਵਿਚ ਹੀ ਪਿਆਰ ਰਿਹਾ,ਨਾ ਵੱਡਿਆਂ ਦਾ ਸਤਿਕਾਰ ਰਿਹਾ,
ਗੱਲ ਗੱਲ ਵਿਚ ਝਗੜਾ ਹੁੰਦਾ ਏ,ਅੱਜ ਭਾਈ ਹੀ ਭਾਈ ਨੂੰ ਮਾਰ ਰਿਹਾ।

ਚੁਲ੍ਹਾ ਨਾ ਦਿਸਦਾ,ਚੌਂਕੇ ‘ਚ ਘਰ ਘਰ ਵਿਚ ਗੈਸਾਂ ਹੋ ਗਈਆਂ ਨੇ,
ਪਹਿਲਾਂ ਹੱਡ ਤੋੜਦੇ ਮਿਹਨਤੀ ਸੀ,ਹੁਣ ਹਿੰਮਤਾਂ ਉਨ੍ਹਾਂ ਦੀਆਂ ਸੌਂ ਗਈਆਂ।

ਅੱਜ ਵੀ ਮਾਂ ਦੀ ਮਮਤਾ ਹੈ,ਪਰ ਬਚਿਆਂ ਵਿਚ ਉਹ ਪਿਆਰ ਨਹੀਂ,
ਜਿਨ੍ਹਾਂ ਭਾਰਤ ਮਾਂ ਦੀ ਖਾਤਿਰ ਜਵਾਨੀ ਵਾਰ ਦੇਣੀ।

ਲੱਸੀ ਵਿਚ ਸ਼ੱਕਰ ਪਾਉਂਦੇ ਸਨ,ਪਰ ਚਾਹ ਨੂੰ ਮੂੰਹ ਨਾ ਲਾਉਂਦੇ ਸਨ,
ਜਿਹੜੇ ਗੁੜ ਦੀ ਪੇਸੀ ਖਾਂਦੇ ਸਨ,ਉਹ ਉਮਰਾਂ ਲੰਮੀਆਂ ਪਾਉਂਦੇ ਸਨ।

ਗੰਨੇ ਗੁੜ ਨੂੰ ਭੁੱਲ ਕੇ ਜੋ ਚਿੱਟੀ ਖੰਡ ਚਾਹ ਵਿਚ ਪਾਉਂਦੇ ਨੇ,
ਤਾਂ ਹੀ ਤਾਂ ਜਗਜੀਤ ਸੱਚ ਕਹਿੰਦਾ,ਉਹ ਉਮਰਾਂ ਆਪ ਘਟਾਉਂਦੇ ਨੇ।

## ਉਮੀਦਾਂ ਦੇ ਚਿਰਾਗ

ਉਮੀਦਾਂ ਦੇ ਚਿਰਾਗਾਂ ਨੂੰ ਜਗਾਉਗੇ ਕਦੋਂ ਤੀਕਰ,
ਛੁਪਾ ਕੇ ਜ਼ਖਮ ਦਿਲ ਦੇ ਮੁਸਕਰਾਉਗੇ ਕਦੋਂ ਤੀਕਰ,
ਬੇਗਾਨੀ ਅੱਗ ਵਿਚ ਖੁਦ ਨੂੰ ਜਲਾਉਗੇ ਕਦੋਂ ਤੀਕਰ,
ਪਰਾਂ ਨੂੰ ਅੱਗ ਲਾਕੇ ਜਗਾਉ ਗੇ ਕਦੋਂ ਤੀਕਰ,
ਜਿਨ੍ਹਾਂ ਨੇ ਕਦਰ ਨਾ ਪਾਈ,ਸੱਚੀ ਮੁਹੱਬਤ ਦੀ,
ਉਨ੍ਹਾਂ ਤੋਂ ਪਿਆਰ ਦੀ ਦੌਲਤ ਲੁਟਾਉਗੇ ਕਦੋਂ ਤੀਕਰ,
ਤੁਹਾਡੇ ਚੇਤਿਆਂ ਵਿਚੋਂ ਅਸਾਂ ਮਨਫੀ ਨਹੀਂ ਹੋਣਾ,
ਭੁਲਾ ਕੇ ਵੇਖ ਲਉ ਬੇਸ਼ਕ ਭੁਲਾਉਗੇ ਕਦੋਂ ਤੀਕਰ।
ਨਜ਼ਰ ਜਿੱਧਰ ਵੀ ਫੇਰੋਗੇ,ਨਜ਼ਰ ਓਧਰ ਹੀ ਆਵਾਂਗੇ,
ਭਲਾ ਨਜ਼ਰਾਂ ਤੋਨ ਨਜ਼ਰਾਂ ,ਚੁਰਾਉਗੇ ਕਦੋਂ ਤੀਕਰ।
ਕੋਈ ਆਉਂਦਾ ਨਹੀਂ ਮੁੜਕੇ,ਨਾ ਆਇਆ ਹੈ ਨਾ ਆਏਗਾ,
ਕਿਸੇ ਦੀ ਯਾਦ ਵਿਚ ਹੰਝੂ, ਵਹਾਉਗੇ ਕਦੋਂ ਤੀਕਰ,
ਮੁਹੱਬਤ ਮਹਿਕ ਹੁੰਦੀ ਹੈ ,ਛੁਪਾਈ ਜਾ ਨਹੀਂ ਸਕਦੀ,
ਛੁਪਾਉਗੇ ਜੇ "ਜਗਜੀਤ" ਛਪਾਉਗੇ ਕਦੋਂ ਤੀਕਰ।

**ਜਗਜੀਤ ਸਿੰਘ ਕੰਗ**
**ਪਿੰਡ ਭਟੀਆ ਗੁਰਦਾਸ ਪੁਰ**
**ਫੋਨ 9814866025**

## ਨਾ ਕੋਈ ਹਿੰਦੂ ਨਾ ਕੋਈ ਮਸਲਿਮ

ਨਾ ਕੋਈ ਹਿੰਦੂ  ਨਾ ਕੋਈ ਮੁਸਲਿਮ,
ਨਾ ਕੋਈ ਸਿੱਖ ਈਸਾਈ ਹੈ।

ਮਾਨਵ ਜਾਤ ਤਾਂ ਇੱਕੋ ਭਾਈ,
ਖੁਦਾ ਨੇ ਆਦਮ ਜ਼ਾਤ ਬਣਾਈ ਹੈ।

ਆਪਸ ਵਿੱਚ ਅਸੀਂ ਧਰਮ ਬਣਾ ਕੇ,
ਇਕ ਐਸੀ ਰੀਤ ਚਲਾਈ ਹੈ।

ਕੋਈ ਕਹਿੰਦਾ ਤੁਸੀਂ ਬਣ ਜਾਓ ਹਿੰਦੂ,
ਕੋਈ ਕਹਿੰਦਾ ਸਿੱਖ ਈਸਾਈ ਹੈ।

ਓਟ ਆਸਰਾ ਈਸ਼ਵਰ ਦਾ ਲੈ ਕੇ,
ਤੂੰ ਕਿਉਂ ਨਾ ਕੀਤੀ ਕਮਾਈ ਹੈ।

ਲਾਭ ਨਾ ਤੈਨੂੰ ਫਿਰ ਕੇ ਮਿਲਣਾ,
ਤੂੰ ਜਾਣੀ ਉਮਰ ਲੰਘਾਈ ਹੈ।

"ਦਰਸ਼ਨ" ਖੁਦਾ ਤਾਂ ਤੇਰੇ ਅੰਦਰ ਵਸਦਾ,
ਤੂੰ ਹੋਰ ਕਿਉਂ ਨਿਗ੍ਹਾ ਟਿਕਾਈ ਹੈ।

ਸਿਮਰਨ ਹੁੰਦਾ ਉੱਸ ਦਾ ਹਰ ਥਾਂ,
ਜਿਨ ਤੇਰੇ ਅੰਦਰ ਜੋਤ ਜਗਾਈ ਹੈ।

## ਗੀਤ

ਗਾਂਵਾਂ ਕੀ ਮੈਂ ਢੋਲਣਾ,ਸੁਣਾਂਵਾਂ ਕੀ ਮੈਂ ਢੋਲਣਾ,
ਸਾਨੂੰ ਕੀ ਪਤਾ ਸੀ ਤੂੰ ਸਾਡੇ ਨਾਲ ਨਹੀਂ ਸੀ ਬੋਲਣਾ।

ਤੂੰ ਕੀ ਜਾਣੇ ਸਾਡੇ ਦਿਲ ਵਿਚ ਸੱਧਰਾਂ ਲਕੋਈਆਂ ਨੇ,
ਤੇਰੇ ਡ=ਹਿਜਰਾਂ ਚ ਅਸੀਂ ਅੱਖੀਆਂ ਡਬੋਈਆਂ ਨੇ,

ਸਾਨੂੰ ਕੀ ਪਤਾ ਸੀ ਤੂੰ ਸਾਡੇ ਨਾਲ ਦੁੱਖ ਸੁਖ ਨਹੀਂ ਸੀ ਫੋਲਣਾ
ਗਾਂਵਾਂ ਕੀ ਮੈਂ ਢੋਲਣਾ,ਸੁਣਾਂਵਾਂ ਕੀ ਮੈਂ ਢੋਲਣਾ,

ਤੇਰੇ ਪਿੱਛੇ ਅਸੀ ਚੱਲੇ ਕਿੰਨੇ ਨੰਗੇ ਪੈਰ ਸੀ,
ਪੀਰਾਂ ਦੀ ਮਜਾਰੇ ਅਸੀ ਮੰਗੀ ਤੇਰੀ ਖੈਰ ਸੀ।

ਸਾਨੂੰ ਕੀ ਪਤਾ ਸੀ ਤੂੰ ਸਾਨੂੰ ਕੱਖਾਂ ਵਿੱਚ ਰੋਲਣਾ।
ਗਾਂਵਾਂ ਕੀ ਮੈਂ ਢੋਲਣਾ,ਸੁਣਾਂਵਾਂ ਕੀ ਮੈਂ ਢੋਲਣਾ,

ਪਿਆਰ ਦੀ ਸੀ ਖੈਰ ਮੰਗੀ ਤੇਰੇ ਕੋਲ ਵੇ,
ਕਿਸੇ ਘੜੀ ਬਹਿਕੇ ਕਦੇ ਦੁੱਖ ਸੁੱਖ ਫੋਲ ਵੇ,

ਅੱਜ ਤਕ ਅਸੀਂ ਨੈਣ ਕਿਸੇ ਨਾਲ ਲਾਏ ਵੇ,
"ਦਰਸ਼ਨ' ਭੁੱਲੇ ਚੱਕ ਨੂੰ ਸੁਨੇਹੇ ਕਿੰਨੇ ਆਏ ਵੇ,

ਨੈਣਾਂ ਵਾਲਾ ਬੂਹਾ ਅਸਾਂ ਤੇਰੇ ਲਈ ਸੀ ਖੋਲ੍ਹਣਾ,
ਗਾਂਵਾਂ ਕੀ ਮੈਂ ਢੋਲਣਾ,ਸੁਣਾਂਵਾਂ ਕੀ ਮੈਂ ਢੋਲਣਾ

## ਗੀਤ

ਕੰਡਿਆਂ ਦੀ ਟਹਿਣੀ ਨਾਲ ਯਾਰੀ ਲਾ ਭੁੱਲ ਗਏ,
ਅੱਖੀਆਂ ਬਲੌਰੀਆਂ ਤੇ ਐਵੈਂ ਅਸੀਂ ਡੁੱਲ੍ਹ ਗਏ।

ਜਿਵੇਂ ਉਸ ਨੇ ਕਿਹਾ,ਅਸੀਂ ਉਹਦੇ ਉਤੇ ਤੁੱਲ ਗਏ।
ਕੰਡਿਆਂ ਦੀ ਟਹਿਣੀ ਨਾਲ ਯਾਰੀ ਲਾ ਭੁੱਲ ਗਏ,

ਕੰਡਿਆਂ ਦੀ ਟਹਿਣੀ ਨੇ ਦਿਲ ਵਿੰਨ੍ਹ ਸੁਟਿਆ,
ਵਿਨ੍ਹ ਕੇ ਦਿਲ ਸਾਡਾ ਹਾਲ ਵੀ ਨਾ ਪੁੱਛਿਆ।

ਉਹ ਵਾਂਗਰਾਂ ਹਨੇਰੀ ਸਾਡੇ ਦਿਲ ਉੱਤੇ ਝੁੱਲ ਗਏ,
ਕੰਡਿਆਂ ਦੀ ਟਹਿਣੀ ਨਾਲ ਯਾਰੀ ਲਾ ਭੁੱਲ ਗਏ,

ਤੀਰ ਵੀ ਜੁਦਾਈ ਵਾਲੇ ਮਾਰੇ ਕੱਸ ਕੱਸ ਕੇ,
ਸਾਡੇ ਕੋਲੋਂ ਲੰਘਦੇ ਸੀ ਜਦੋਂ ਹੱਸ ਹੱਸ ਕੇ,

ਭੁੱਲੇ ਚੱਕ ਵਿਚ ਹੁਣ ਮੈਂ ਤਾਂ ਜੀਉਂਦੀ ਲਾਸ਼ ਹਾਂ,
ਆਪਣੀ ਹੀ ਜ਼ਿੰਦਗੀ ਤੋਂ ਬੜਾ ਹੀ ਨਿਰਾਸ ਹਾਂ,

"ਲਧੜ ਦੀ ਜ਼ਿੰਦਗੀ ਚ, ਉਹ ਪਾਰੇ ਵਾਂਗ ਘੁਲ ਗਏ,
ਕੰਡਿਆਂ ਦੀ ਟਹਣੀ ਨਾਲ ਯਾਰੀ ਲਾ ਕੇ ਭੁੱਲ ਗਏ।

**ਦਰਸ਼ਨ ਲੱਧੜ**
**ਭੁੱਲੇ ਚੱਕ, ਡਾਕਖਾਨਾ ਤਿੱਬੜੀ(ਗੁਰਦਾਸਪੁਰ)**
**ਫੋਨ 9988860215**

## ਗਿਰਗਟ

ਨਾਲ ਰੰਗਾ ਦੇ ਲੋਕੀਂ ਆਪਣੇ ਚਿਹਰੇ ਏਦਾਂ ਰੰਗਦੇ ਨੇ,
ਕਿ ਗਿਰਗਿਟ ਵੀ ਉਨ੍ਹਾਂ ਕੋਲੋਂ ਰੰਗ ਉਧਾਰੇ ਮੰਗਦੇ ਨੇ।

ਅੰਦਰੋਂ ਹੋਰ ਤੇ ਬਾਹਰੋਂ ਹੋਰ,
ਜਿਮੀਂ ਅਸਮਾਨ ਦਾ ਫਰਕ ਦਿੱਸੇ,
ਫਿਰ ਵੀ ਲੱਗਣ ਮਾਸੂਮ ਜਿਹੇ,
ਮਿਲਦੇ ਸੰਗਦੇ ਸੰਗਦੇ ਨੇ।

ਗੱਲ ਦਿਲਾਂ ਦੀ ਕਦੇ ਨਾ ਦੱਸਣ,
ਅੰਦਰੋਂ ਰੋਵਣ ਬਾਹਰੋਂ ਹੱਸਣ,
ਨਹੀਂ ਬਣਦੇ ਉਹ ਮੀਤ ਕਿਸੇ ਦੇ ਮੀਤ,
ਝੂਠੀ ਲਾਉਂਦੇ ਸਦਾ ਪ੍ਰੀਤ,
ਜਦ ਵੀ ਕਦੇ ਪ੍ਰੀਖਿਆ ਆਵੇ,
ਭਜਦਿਆਂ ਸਾਹ ਨਾ ਲਭਦੇ ਨੇ,
ਖੁਦ ਨੂੰ ਵੀ ਸੂਲੀ ਟੰਗਦੇ ਨੇ,
ਹੱਕ ਸੱਚ ਦੀ ਰੌਸ਼ਣੀ ਆਵੇ,
ਮੁੱਕਣ ਸਾਰੇ ਹਉਕੇ ਹਾਵੇ,
ਸਾਰੇ ਪਾਸੇ ਸੰਕਟ ਇੱਕੋ,
ਸੱਚ ਖੋਜਦੇ ਹੰਭ ਗਏ ਨੇ।
'ਰਿਆੜ' ਚਲੋ ਇਕ ਮਤਾ ਪਕਾਈਏ,
ਦਿਲਾਂ ਦੇ ਸਾਰੇ ਪੜਦੇ ਲਾਹੀਏ,
ਗਿੱਦੜਾਂ ਨੂੰ ਵੀ ਸ਼ੇਰ ਬਣਾਈਏ,
ਜੋ ਅੱਜ ਫਿਰਦੇ ਕੰਬਦੇ ਨੇ।

## ਮਾਂ ਬੋਲੀ

ਮਾਂ ਬੋਲੀ ਪੰਜਾਬੀ ,ਸਾਡੀ ਜਾਨ ਤੋਂ ਪਿਆਰੀ ਏ,
ਸ਼ਹਿਦ ਤੋਂ ਵੀ ਮਿੱਠੀ ,ਸਾਰੇ ਜੱਗ ਤੋਂ ਨਿਆਰੀ ਏ,
ਅਰਸ਼ਾ ਉਤੋਂ ਆਕੇ ਰੱਬ ਭਾਸ਼ਾ ਇਹ ਬਣਾ ਗਿਆ,
ਅਨਮੋਲ ਗੁਰਬਾਣੀ ਦਾ ਉਹ ਬੂਟਾ ਵੀ ਲਗਾ ਗਿਆ,
ਗੁਰੂਆਂ ਤੇ ਪੀਰਾਂ ਇਹਦੀ ਨੀਂ ਉਸਾਰੀ ਏ,
ਮਾਂ ਬੋਲੀ.......
ਬਾਰ੍ਹਾਂ ਕੋਹਾਂ ਚੱਲੀਏ ਤਾਂ ਹੋਣ ਵੱਖ ਬੋਲੀਆਂ,
ਇਸ ਰਾਣੀ ਅੱਗੇ ਸੱਭ ਜਾਪਦੀਆਂ ਗੋਲੀਆਂ,
ਵਖਰੀ ਹੀ ਸ਼ਾਨ ਨਾਲ ਜਾਂਦੀ ਇਹ ਸ਼ਿੰਗਾਰੀ ਏ।
ਮਾਂ ਬੋਲੀ ......
ਦੇਸਾਂ ਪ੍ਰਦੇਸਾਂ ਵਿੱਚ ਸਿੱਕਾ ਤੇਰਾ ਚੱਲੇ ਮਾਂ,
ਕਿਤੇ ਚਲੇ ਜਾਈਏ ਨਹੀਂ ਜਾਪਦੇ ਇਕੱਲੇ ਮਾਂ,
ਤੇਰੇ ਧੀਆਂ ਪੁੱਤਾਂ ਉਤੇ ਮਾਣ ਮੈਨੂੰ ਭਾਰੀ ਏ,
ਮਾਂ ਬੋਲੀ ......
"ਰਿਆੜ" ਸਭ ਬੋਲੀਆਂ,ਹੀ ਸੁਹਣੀਆਂ ਤਾਂ ਹੁੰਦੀਆਂ,
ਪਰ ਤੇਰੇ ਬੋਲਾਂ ਵਿੱਚ ਮਹਿਕਾਂ ਤੇ ਸੁਗੰਧੀਆਂ,
ਗੁਰਮੁਖੀ ਲਿਪੀ ਨਾਲ ਗਈ ਜੋ ਸ਼ਿੰਗਾਰੀ ਏ,
ਮਾਂ ਬੋਲੀ ......

**ਕੈਪਟਨ ਜਸਵੰਤ ਸਿੰਘ ਰਿਆੜ"**
**ਨਵਾਂ ਸ਼ਾਲ੍ਹਾ ,(ਗੁਰਦਾਸ ਪੁਰ)**
**+91 79868 10803**

## ਦੂਗਾਣਾ

**ਪਤਨੀ** ਗੱਲ ਸੁਣ ਲੈ ਮੈਂ ਦੱਸਾਂ ਬਾਂਹ ਫੜ ਕੇ,
ਕੋਲ ਪੇਕਿਆਂ ਦੇ ਜਾਣਾ ਵੇ ਮੈਂ ਤੜਕੇ।
ਬੜਾ ਹੋ ਗਿਆ ਉਦਾਸ ਦਿਲ ਮੇਰਾ,
ਰਹਿਣਾ ਦਿਨ ਚਾਰ ਢੋਲਣਾ,
ਫੋਨ ਪੇਕਿਆਂ ਤੋਂ ਵੀਰ ਜੀ ਦਾ ਆ ਗਿਆ,
ਬੇਬੇ ਹੈ ਬੀਮਾਰ ਢੋਲਣਾ।

**ਪਤੀ** ਮਸਾਂ ਸਾਂਭਿਆ ਮੈਂ ਝੋਨਾ ਹੋਇਆ ਲੇਟ ਨੀ,
ਮੰਡੀ ਵਾਲਿਆਂ ਨੇ ਲੀ ਪਾਈ ਡੇਟ ਨੀ,
ਅਜੇ ਬੱਲੀਏ ਹਿਸਾਬ ਨਹੀਂ ਕੀਤਾ,ਪੈਲੀ ਜੋ ਲਈ ਠੇਕਿਆਂ ਦਾ।
ਕਨਕ ਗੁਆਂਢੀ ਸਾਰੇ ਬੀਜ ਗਏ, ਨੀ ਤੈਨੂੰ ਚਾਅ ਪੇਕਿਆਂ ਦਾ।

**ਪਤਨੀ** ਇੱਕ ਜ਼ਿਮੀਂਦਾਰਾ, ਸਾਰਿਆਂ ਤੋਂ ਮਾੜਾ ਕਹਿੰਦੇ ਨੇ ਢੋਲਣਾ,
ਤੇਰੇ ਲਾਰਿਆਂ ਚ, ਦੋ ਮਹੀਨੇ ਲੰਘ ਗਏ,ਓਦਰੇ ਨਿਆਣੇ ਢੋਲਣਾ,
ਪੱਪੂ ਆਖਦਾ ਮਾਸੀ ਤਾਂਈਂ ਮਿਲਣਾ, ਤੂੰ ਕਰ ਲੈ ਵਿਚਾਰ ਢੋਲਣਾ,
ਫੋਨ ਪੇਕਿਆਂ ਤੋਂ............

**ਪਤੀ** ਕਨਕ ਬੀਜ ਲਈਏ ਚਾਰ ਦਿਨ ਰਵ੍ਹੇਗਾ ,ਹਾਲੇ ਮਜਬੂਰੀ ਬੱਲੀਏ,
ਅਜੇ ਖੇਤਾਂ ਵਿੱਚ ਖਿਲਰੀ ਪਰਾਲੀ,ਸਾਂਭਣੀ ਜ਼ਰੂਰੀ ਬੱਲੀਏ।
ਮਿਲਦੀ ਨਹੀਂ ਡਾਇਆ ਅਜੇ ਖਾਦ ਨੂੰ,ਸੁੱਕੇ ਪਏ ਨੇ ਖੇਤ ਬੱਲੀਏ,
ਕਨਕ ਨਾਲ ਦੇ ..........

**ਪਤਨੀ** ਕੰ ਮੁਕਣੇ ਨਹੀਂ ਜਿੰਦ ਮੁੱਕ ਜਾਣੀ, ਵੇ ਮੈਨੂੰ ਝੋਰਿਆਂ ਨੇ ਖਾ ਲਿਆ,
ਚਾਰ ਆ ਗਈਆਂ ਛੁੱਟੀਆਂ ਸਕੂਲੇ ,ਤੂੰ ਕਹਿਣਾ ,ਖੇੜੇ ਵਾਲਿਆ,
ਕਾਹਨੂੰ ਹੋਇਆ ਉਦਾਸ, ਬਿੱਲੇ ਫਿਰਦਾ ਰਹੀ ਹੱਥ ਜੋੜ ਮੱਖਣਾ,
ਚਾਰ ਦਿਨ ਸਾਲੀਆਂ ਚ, ਰਹਿਕੇ, ਹੋ ਜਾਊ ਦਿਲ ਹੋਰ ਮੱਖਣਾ,

**ਪਤੀ** ਅਜੇ ਚਾਰ ਦਿਨ ਬਿੱਲੋ ਕੰਮ-ਕਾਜ ਦੇ ਨੀ, ਅੱਗੇ ਵਿਹਲ ਬੱਲੀਏ,
ਖੁਲਾਂ ਖੀਸੇ ਵਿੱਚ ਆ ਜਾਊ ਪੈਸਾ, ਨੀ ਕਰਾਂਗੇ ਤਿਆਰੀ ਬੱਲੀਏ,
ਚਾਰ ਮੋਟਰਾਂ ਦਾ ਖੁਲ੍ਹਾ ਪਾਣੀ ਛੱਡ ਕੇ ਭਰ ਦੇਣੇ ਖੇਤ ਤੜਕੇ
ਕਨਕ ਗੁਆਂਢੀ ਸਾਰੇ ਬੀਜ ਗਏ ਤੂੰ ਅਜੇ ਬੈਠਾ ਚੁੱਪ ਕਰਕੇ,

## ਦੂਗਾਣਾ

ਸਰਪੰਚੀ ਜਾਂਦੀ ਰਹੀ

**ਪਤਨੀ** ਮਹੀਨਾ ਲੰਗਰ ਦਾਰੂ ਦਾ ਲਾਇਆ,
ਤੇਰੇ ਹੱਥ ਕੀ ਢੋਲਾ ਆਇਆ।
ਲੜਨੀ ਨਹੀਂ ਸਰਪੰਚੀ,ਬੜਾ ਮੈਨ ਸਮਝਾਉਂਦੀ ਰਹੀ,
ਆ ਗਏ ਚਾਰ ਲੱਖ ਦੇ ਥੱਲੇ, ਤੇ ਸਰਪੰਚੀ ਜਾਂਦੀ ਰਹੀ,

**ਪਤੀ** ਮੇਰੇ ਅਇਪਣੇ ਦਗਾ ਕਮਾ ਗਏ,
ਨੀਂ ਵੋਟਾਂ ਦੂਜੇ ਪਾਸੇ ਪਾ ਗਏ,
ਦਾਰੂ ਮੁਰਗੇ ਖਾ ਕੇ, ਜਦ ਬਦਲੇ ਲੋਕ ਕੁੜੇ,
ਅੱਜ ਵਿਰੋਧੀ ਜਿੱਤ ਗਏ ਪੈ ਗਏ ਜਾਅਲੀ ਵੋਟ ਕੁੜੇ,

**ਪਤਨੀ** ਜਣੇ ਖਣੇ ਦੇ ਤਰਲੇ ਕਰਦਾ ਸੀ,ਨਾਲੇ ਪੈਰੀਂ ਹੱਥ ਲਗਾਉਂਦਾ ਸੀ,
ਘਰ ਸੱਦ ਕੇ ਲੰਡੀ ਬੁੱਚੀ ਨੂੰ,ਨਿੱਤ ਲਿਮਕਾ ਦਾਰੂ ਪਿਆਉਂਦਾ ਸੀ,
ਨਾ ਢੋਲਾ ਕਹਿਣਾ ਮੰਨਿਆ,ਨਿਤ ਤਰਲੇ ਪਾਂਦੀ ਰਹੀ,
ਆ ਗਏ ਚਾਰ ਲੱਖ ਦੇ ਥੱਲੇ ਤੇ ਸਰਪੰਚੀ ਜਾਂਦੀ ਰਹੀ।

**ਪਤੀ** ਘਾਟੇ ਵਾਧੇ ਦੁਨੀਆ ਦੇ,ਤੂੰ ਕਿਉਂ ਡਰਦੀ ਨਾਰੇ ਨੀ,
ਜਦੋਂ ਕੁੰਢੀਆਂ ਦੇ ਸਿੰਗ ਫਸਦੇ ਨੇ ਇਕ ਜਿੱਤੇ ਦੂਜਾ ਹਾਰੇ ਨੀ,
ਲੋਕ ਪਤੰਦਰ ਮਾੜੇ ,ਦਿਲ ਵਿੱਚ ਰੱਖਦੇ ਖੋਟ ਕੁੜੇ,
ਅੱਜ ਵਿਰੋਧੀ ਜਿੱਤ ਗਏ .,,,,,,

**ਪਤਨੀ** ਹਾਰੇ ਦਾ , ਬਿੱਲਿਆ ਦੁੱਖ ਨਹੀਂ, ਪੈਲੀ ਗਹਿਣੇ ਪੈ ਗਈ ਵੇ,
ਜੀਤੋ ਪੰਚਣੀ,ਲੰਬੜਾਂ ਦੀ ਸਾਡੀਆਂ ਜੜ੍ਹਾਂ ਚ, ਬਹਿ ਗਈ ਵੇ,
ਨਿੱਤ ਮੀਟਿੰਗਾਂ ਕਰਕੇ ਲੋਕਾਂ ਨੂੰ ਭੜਕਾਂਉਂਦੀ ਰਹੀ;
ਆ ਗਏ ਚਾਰ ਲੱਖ ਦੇ ਥੱਲੇ ਤੇ ,

**ਪਤੀ** ਕਦੇ ਦਾਦੇ ਦੀਆਂ ਕਦੇ ਪੋਤੇ ਦੀਆ, ਜਾਣੇ ਕੁੱਲ ਜਹਾਨ ਕੁੜੇ,
ਅਗਲੀ ਵਾਰੀ , ਖੇੜੇ ਵਾਲਾ' ਜਿੱਤੇ ਗਾ ਨਾਲ ਪੂਰੀ ਸ਼ਾਨ ਕੁੜੇ,
ਨੀ ਕਾਹਨੂੰ ਹਉਕੇ ਭਰਦੀ, ਆਂਦੇ ਜਾਂਦੇ ਨੋਟ ਕੁੜੇ,
ਅੱਜ ਵਿਰੋਧੀ ਜਿੱਤ ਗਏ,ਨੀ ਪੈ ਗਏ ਜਾਅਲੀ ਵੋਟ ਕੁੜੇ।

**ਦਰਸ਼ਨ ਬਿੱਲਾ ਖੇੜੇ ਵਾਲਾ**
**ਡਾਕਖਾਨਾ ਪੁਰਾਣਾ ਸ਼ਾਲ੍ਹਾ(ਗੁਰਦਾਸਪੁਰ)**
**+91 9988259066**

## ਮਾਂ ਹੈ ਠੰਡੀ ਛਾਂ ਦਾ ਨਾਂ

ਮਾਂ ਦੀ ਸੱਚੀ ਸੁੱਚੀ ਕੁੱਖ।
ਮਾਂ ਹੈ ਠੰਡੀ ਛਾਂ ਦਾ ਰੁੱਖ।

ਮਾਂ ਬਾਝੋਂ ਜੱਗ ਘੋਰ ਹਨੇਰ।
ਮਾਂ ਹੈ ਆਸਾਂ ਭਰੀ ਸਵੇਰ।

ਕੰਡਿਆਂ ਭਰਿਆ ਹੋਵੇ ਰਸਤਾ।
ਮਾਂ ਹੈ ਫੁੱਲਾਂ ਦਾ ਗੁਲਦਸਤਾ।

ਮਾਂ ਦੀ ਪੂਜਾ ਹੈ,ਰੱਬ ਦੀ ਪੂਜਾ।
ਮਾਂ ਤੋਂ ਉੱਚਾ ਕੋਈ ਨਹੀਂ ਦੂਜਾ।

ਮਾਂ ਸਦਕੇ ਇਹ ਸਭ ਜਹਾਨ।
ਮਾਂ ਬਾਝੋਂ ਨਾ ਕੁਝ ਇਨਸਾਨ।

ਕਰੀਏ ਰੱਜ ਕੇ ਮਾਂ ਦੀ ਸੇਵਾ।
ਅਜਮੇਰ ਲਈ ਮਾਂ,ਰੱਬ ਦਾ ਮੇਵਾ।

**ਅਜਮੇਰ ਪਾਹੜਾ**
**+91 946472 7423**

## ਧੀਆਂ ਵਾਲੇ ਦੁੱਖ

ਮਾਰਦੇ ਬੇਦੋਸ਼ੀਆਂ ਨੂੰ ਜੰਮਣ ਤੋਂ ਪਹਿਲਾਂ ਜਿਥੇ,
ਸੁਖੀ ਨਹੀਉਂ ਰਹਿੰਦੇ ਉਨ੍ਹਾਂ ਮਾਪਿਆਂ ਦੇ ਵਿਹੜੇ,
ਧੀਆਂ ਵਾਲੇ ਦੁਖ ਜਿਹੜੇ ਦਿਲ ਉਤੇ ਲੈਂਦੇ ਨੇ ਸਹਾਰ,
ਨੀ ਮੰਦਾ ਕੀਤਾ ਅੰਮੀਏ ਤੂੰ ਮੈਨੂੰ ਜੰਮਣ ਤੋਂ ਪਹਿਲਾਂ ਦਿੱਤਾ ਮਾਰ।

ਚੜ੍ਹ ਜਾਂਦਾ ਚਾਅ ਮੇਰੇ ਬਾਬਲ ਨੂੰ ਵੇਖ ਕੇ,
ਪਾਉਣੇ ਜਦੋਂ ਫੁੱਲ ਸੀ ਮੈਨ ਦਰੀਆ ਤੇ ਖੇਸ ਤੇ,
ਸਮਾ ਖੁਸ਼ੀਆਂ ਦਾ ਹੁੰਦਾ ਬੇਸ਼ੁਮਾਰ,
ਨੀ ਮੰਦਾ ਕੀਤਾ .........

ਬਣ ਜਾਂਦੀ ਬਾਬਲ ਦੇ ਵਿਹੜੇ ਦਾ ਸ਼ਿੰਗਾਰ ਮੈਂ,
ਗੁੱਡੀਆਂ ਪਟੋਲਿਆਂ ਦੇ ਪਾਉਂਦੀ ਗਲ ਹਾਰ ਮੈਂ,
ਤੇਰਾ ਵਸਦਾ ਰਹੇ ਸੁਖੀ ਪਰਿਵਾਰ,
ਨੀਂ ਮੰਦਾ ਕੀਤਾ........

ਸੁੱਖ ਸੁੱਖ ਸੁਖਣਾ ਮੈਂ ਰੱਬ ਨੂੰ ਮਨਾਉਣਾ ਸੀ,
ਚੰਨ ਜਿਹੇ ਵੀਰ ਲਈ ਮੈਂ ਸਿਹਰਾ ਲੈ ਕੇ ਆਉਣਾ ਸੀ,
ਗੁੰਦ ਦਿੰਦੀ ਗਾਨੇ ਵਿਚ ਭੈਣ ਵਾਲਾ ਸਾਰਾ ਹੀ ਪਿਆਰ,
ਨੀਂ ਮੰਦਾ ਕੀਤਾ........

ਚੁੱਕ ਚੁੱਕ ਦੇਣੀਆਂ ਸੀ ਤੂੰ ਮੈਨੂੰ ਲੋਰੀਆਂ,
ਲਿਖਦਾ ਏ 'ਬਿੰਦਰ' ਸਦਾ ਗੱਲਾਂ ਕੋਰੀਆਂ,
ਬੈਠ ਕੇ ਵਟਾਉਂਦੀ ਮੈਂ ਭਾਬੀਆਂ ਨਾਂ ਸੁੱਖ,
ਵੀਰਾਂ ਹੱਥ ਚੁੱਕ ਚੁੱਕ ਦੇਣਾ ਸੀ ਪਿਆਰ,
ਨੀ ਮੰਦਾ ਕੀਤਾ ਤੂੰ ਅੰਮੀਏ ਮੈਨੂੰ ਜੰਮਣ ਤੋਂ ਪਹਿਲਾਂ ਦਿਤਾ ਮਾਰ।

## ਅਸੀਂ ਕਲਗੀ ਧਰ ਦੇ ਲਾਡਲੇ

ਅਸੀਂ ਕਲਗੀ ਧਰ ਦੇ ਲਾਡਲੇ,ਤੇ ਮਾਂ ਜੀਤੋ ਦੇ ਲਾਲ,
ਅਸੀਂ ਈਨ ਨਾ ਤੇਰੀ ਮੰਨੀਏ, ਭਾਂਵੇਂ ਸੂਬਿਆ ਕਰ ਤੂੰ ਸਾਨੂੰ ਹਲਾਲ।
ਤੇਰੀ ਵਿਚ ਕਚਹਿਰੀ ਪਹੁੰਚ ਕੇ ਅਸੀਂ ਤੈਨੂੰ ਰਹੇ ਵੰਗਾਰ,
ਭਾਵੇਂ ਸੱਦ ਜਲਾਦ ਤੂੰ ਆਪਣੇ ਸਾਨੂੰ ਤਸੀਹੇ ਦੇ ਹਜ਼ਾਰ,
ਅਸੀਂ ਈਨ ਨਾ ਤੇਰੀ ਮੰਨਦੇ ਕਾਹਨੂੰ ਅੱਖੀਆਂ ਕਰੇਂ ਤੂੰ ਲਾਲ,
ਅਸੀਂ ਕਲਗੀ ਧਰ ਦੇ ਲਾਡਲੇ........

ਸਾਨੂੰ ਗੁੜ੍ਹਤੀ ਮਿਲੀ ਹੈ ਸਿਦਕ ਦੀ, ਤੇ ਖੰਡੇ ਬਾਟੇ ਦੀ ਪਾਨ,
ਅਸੀਂ ਜਾਣ ਗੁਆਉਣੋਂ ਸੂਬਿਆ, ਕਦੇ ਹੋਈਏ ਨਾ ਪਰੇਸ਼ਾਨ,
ਤੂੰ ਕਿਹੜੀ ਗੱਲੋਂ ਜਿਜਕਦੈਂ,ਤੇਰੇ ਕੋਲ ਸੁਚਾ ਨੰਦ ਦੀਵਾਨ,
ਇਨ੍ਹੇ ਫਤਵਾ ਲਾ ਕੇ ਆਪਣਾ,ਸਾਡੀ ਕੱਢ ਦੇਣੀ ਹੈ ਜਾਨ,
ਸਾਡੀ ਫਿਕਰ ਕਰ ਨਾ ਸੂਬਿਆ,ਆਪਣੀ ਜਿੰਦ ਦਾ ਕਰ ਖਿਆਲ,
ਅਸੀਂ ਕਲਗੀ ਧਰ ਦੇ ਲਾਡਲ........

ਅਸੀਂ ਦੌਲਤ ਨੂੰ ਠੁਕਰਾਂਵਦੇ, ਤੇਰੀਆਂ ਬੇਗਮਾਂ ਤੋਂ ਇਨਕਾਰ,
ਸਾਨੂੰ ਸਿੱਖੀ ਨਾਲੋਂ ਵੱਧ ਕੇ, ਨਹੀਓਂ ਕਿਸੇ ਹੋਰ ਨਾਲ ਪਿਆਰ,
"ਬਿੰਦਰ" ਕਹਿੰਦਾ, ਸੂਬਿਆ ਛੱਡ ਤੂੰ ਨਾ ਕਰ ਅੱਤਿਆ ਚਾਰ,
ਅਸੀਂ ਦਾਦੇ ਨਾਲ ਜਾ ਖੇਡਣਾ,ਸਾਨੂੰ ਹੋਰ ਨਾ ਕਰ ਸੁਆਲ;
ਅਸੀਂ ਕਲਗੀਧਰ ਦੇ ਲਾਡਲੇ ਅਸੀਂ ਮਾਂ ਜੀਤੋਦੇ ਲਾਲ।

**ਬਲਵਿੰਦਰ ਸਿੰਘ "ਬਿੰਦਰ"**
**ਪਿੰਡ ਨੌਸ਼ਹਿਰਾ ਬਹਾਦਰ ਗੁਰਦਾਸ ਪੁਰ**

## ਮੁੰਡਿਆਂ ਦੇ ਹੋਸ਼ ਉਡ ਗਏ (ਗੀਤ)

ਮੁੰਡਿਆਂ ਦੇ ਹੋਸ਼ ਉਡ ਗਏ,
ਤੂੰ ਜਦ ਝਾਂਜਰ ਛਣਕਾਈ।
ਪਿੰਡ ਵਿਵ ਕੁੜੀਏ ਨੀ ਰੂਪ ਤੇਰੇ ਦੀ,
ਪੈ ਗਈ ਹੁਣ ਦੁਹਾਈ,
ਸਾਲ ਸੋਲ੍ਹਵਾਂ ਚੜ੍ਹਿਆ ਤੈਨੂੰ,
ਬਵੀਂ ਜਵਾਨੀ ਆਈ,
ਸਾਰੇ ਪਿੰਡ ਵਿਚ ਹੋਈ ਚਰਚਾ,
ਜਦ ਬੋਲੀ ਤੂੰ ਪਾਈ,
ਮੁੰਡਿਆਂ ਦੇ.........

ਦਿਲ ਨੇ ਮੰਗਦੇ ਅੜੀਏ ਤੈਥੋਂ,
ਕਿਉਂ ਨਹੀਂ ਦਿਲ ਵਟਾਉਂਦੀ,
ਅੱਖ ਚੁਰਾ ਕੇ ਲੰਘਦੀ ਜਾਂਵੇਂ,
ਕਿਉਂ ਏਨਾ ਸ਼ਰਮਾਉਂਦੀ ਨੀ,
ਨੈਣ ਤੇਰੇ ਨੇ ਬੜੇ ਨਸ਼ੀਲੇ,
ਕਿਉਂ ਤੂੰ ਨੀਵੀਂ ਪਾਈ,
ਮੁੰਡਿਆਂ ਦੇ ਹੋਸ਼ .......

ਧੌਣ ਸੁਰਾਈ ਵਰਗੀ ਤੇਰੀ,
ਲੱਕ ਮਜਾਜਾਂ ਕਰਦਾ,
ਬਿੰਦਰ ਪਿੰਡ ਨੌਸ਼ਹਿਰੇ ਵਾਲਾ,
ਰਾ ਪਾਣੀ ਭਰਦਾ,
ਤੀਆਂ ਵਿਚ ਤੂੰ ਸਾਉਣ ਮਹੀਨੇ,
ਉਚੀ ਪੀਂਘ ਚੜ੍ਹਾਈ,
ਮੁੰਡਿਆਂ ਦੇ ਹੋਸ਼ ਉਡ ਗਏ,
ਤੂੰ ਜਦ ਝਾਂਜਰ ਛਣਕਾਈ।

**ਬਲਵਿੰਦਰ ਸਿੰਘ "ਬਿੰਦਰ"**
**ਪਿੰਡ ਨੌਸ਼ਹਿਰਾ ਬਹਾਦਰ ਗੁਰਦਾਸ ਪੁਰ**
**ਫੋਨ,7837914869**

# ਧੂਣੀ

ਅਸਾਂ ਧੂਣੀ ਤੇਰੇ ਨਾਮ ਦੀ ਰਮਾਈ ਮਹਿਰਮਾ,
ਲੋਕੀ ਸਾਨੂੰ ਆਖਦੇ ਸੁਦਾਈ ਮਹਿਰਮਾ।

ਤੇਰੇ ਨਾਲ ਪ੍ਰੀਤ ਸਾਡੀ ਤੇਰੇ ਨਾਲ ਮੰਗੇ ਆਂ,
ਤੇਰੇ ਪਿੱਛੇ ਲਗ ਹੋਏ ਫਿਰਦੇ ਮਲੰਗੇ ਆਂ,
ਤੂੰ ਖੌਰੇ ਗੰਢੀ ਕਿਹੜੀ ਅਸਾਂ ਨੂੰ ਸੁੰਘਾਈ ਆ।
ਲੋਕੀਂ ਸਾਨੂੰ ਆਖਦੇ ਸੁਦਾਈ ਮਹਿਰਮਾ।

ਹੱਥ ਵਿਚ ਚਿਮਟਾ ਮਲੀ ਪਿੰਡੇ ਤੇ ਭਬੂਤ ਵੇ,
ਤੂੰ ਮੇਰੇ ਮੈਂ ਤੇਰਾ ਸਾਡੇ ਕੋਲ ਇਹ ਸਬੂਤ ਵੇ,
ਆਹ ਜਿਹੜੀ ਮਾਲਾ ਜਿਹੜੀ ਗਲ਼ ਫਿਰੇ ਪਾਈ ਮਹਿਰਮਾ।
ਲੋਕੀਂ ਸਾਨੂੰ ਆਖਦੇ ਸੁਦਾਈ ਮਹਿਰਮਾ।

ਕਈ ਵਰੀ ਸੋਚਿਆ ਕਿ ਧੂਣੀ ਹੀ ਬੁਝਾ ਦਈਏ।
ਬੋਰੀ ਚ,ਪਾ ਕੇ ਘੜੇ ਪਾਣੀ ਚ, ਪ੍ਰਵਾਹ ਦਈਏ,
ਜਿੰਨੀ ਵਾਰ ਵੀ ਬੁਝਾਈ,ਮਘ ਆਈ ਮਹਿਰਮਾ,
ਲੋਕੀ ਸਾਨੂੰ ਆਖਦੇ ਸੁਦਾਈ ਮਹਿਰਮਾ।

ਆ ਜਾ “ਕਸ਼ਮੀਰ” ਤੂੰ ਵੀ ਆ ਕੇ ਧੂਣੀ ਸੇਕ ਲੈ,
ਯਾਰ ਦਾ ਨਜ਼ਾਰਾ ਸਾਡੇ ਕੋਲ ਬਹਿਕੇ ਵੇਖ ਲੈ।
ਕੁੱਲੀ ਆਪਣੀ ਨੂੰ ਅੱਗ ਅਸਾਂ ਲਾਈ ਮਹਿਰਮਾ,
ਲੋਕ ਸਾਨੂੰ ਆਖਦੇ ਸੁਦਾਈ ਮਹਿਰਮਾ।

**ਕਸ਼ਮੀਰ ਸਿੰਘ ,ਚੰਦਰ ਭਾਨ,9878727810**

# ਪੰਜਾਬ ਦੀ ਯਾਦ

ਹੋ ਕੇ ਮਜਬੂਰ,
ਬੈਠਾਂ ਵਤਨਾਂ ਤੋਨ ਦੂਰ,
ਇਥੇ ਦੁਨੀਆ ਬਥੇਰੀ,
ਪਰ ਕੌਡੀ ਦੇ ਨਾ ਮੁੱਲ ਦੀ,
ਮੈਨੂੰ ਆਪਣੇ ਪੰਜਾਬ ਦੀ ਨਾ ਯਾਦ ਭੁੱਲਦੀ,

ਦੁੱਖ ਸੁਖ ਦਾ ਨਾ ਸਾਥ ਦੇਵੇ,
ਇਥੇ ਮਾਏ ਮੇਰਾ ਕੋਈ,
ਦਿਨ ਰਾਤ ਸੋਚਾਂ ਵਿੱਚ,
ਜਾਂਵਾਂ ਤਕਦੀਰ ਨੂੰ ਹੀ ਰੋਈ,
ਰਹਿੰਦੀ ਜਿੰਦ ਨਿਮਾਣੀ,
ਤੱਕੜੀ ਤੇ ਤੁੱਲਦੀ,
ਮੈਨੂੰ ਆਪਣੇ ਪੰਜਾਬ ਦੀ ਨਾ ਯਾਦ ਭੁੱਲਦੀ।

ਨੌਸ਼ਹਿਰੇ ਵਿਚ ਰਹਿੰਦਾ ,ਸੁਹਲ,
ਪੱਕਾ ਯਾਰਾਂ ਦਾ ਉਹ ਯਾਰ,
ਰੱਖੇ ਦਿਲ ਚ ਨਾ ਕੋਈ,
ਹਮੇਸ਼ਾ ਦਿੰਦਾ ਸੱਚ ਬੋਲ,
ਜਦ ਆਵੇ ਯਾਦ ਮਿਤਰਾਂ ਦੀ,
ਮੂੰਹ ਵਿਚ ਰੋਟੀ ਫਿਲਦੀ,
ਮੈਨੂੰ ਆਪਣੇ ਪੰਜਾਬ ਦੀ ਨਾ ਯਾਦ ਭੁੱਲਦੀ।

ਪ੍ਰਦੇਸਾਂ ਵਿਚ ਲੋਕਾਂ ਦੀ ਹੈ ,
ਬੋਲੀ ਬਹੁਤ ਰੁੱਖੀ
ਸਾਰੀ ਦੁਨੀਆ ਹੈ ਫਾਨੀ,
“ਮਲ੍ਹਾਰ” ਡਾਲਰਾਂ ਦੀ ਭੁੱਖੀ,
ਠੰਡੇ ਦੁੱਧ ਵਿਚ ਕਹਿੰਦੇ ,
ਸੌਖੀ ਮੱਖੀ ਨਹੀਉਂ ਘੁਲਦੀ,
ਮੈਨੂੰ ਆਪਣੇ ਪੰਜਾਬ ਦੀ ਨਾ ਯਾਦ ਭੁੱਲਦੀ।

## ਸਮਾਂ

ਤੇਰੇ ਬੋਲ ਮੇਰੇ ਬੋਲ ਕਦੇ ਰੜਕਦੇ ਸਨ।
ਲੋਕਾਂ ਦੇ ਸੀਨੇ ਤੇ,ਖੜੱਪੇ ਵਾਂਗ ਲੜਦੇ ਸਨ।
ਜਦ ਘੜੀ ਹੁੰਦੀ ਸੀ ਵਸਲਾਂ ਦੀ,
ਛਿੜਦੇ ਰਾਗ ਸਨ ਇਲਾਹੀ ਕਈ,
ਸਾਡੇ ਨੈਣ ਨਮਾਜ਼ਾਂ ਪੜ੍ਹਦੇ ਸਨ,
ਅੱਜ ਤੇਰੇ ਬੋਲ,ਮੇਰੇ ਬੋਲ,
ਇਸ ਸਮੇਂ ਨੇ ਲਏ ਖਪਾ,
ਮੇਰੇ ਮਨ ਵਿਚ ਝੁੱਲਦਾ ਏ,
ਝੱਖੜ ਆਸਾਂ ਦਾ।
ਜਿਹੀ ਵਗਦੀ ਮਸਤ ਹਵਾ,
ਅੱਜ ਬਿਰਹੋਂ ਲੜ ਗਿਆ ਆਸਾਂ ਨੂੰ,
ਮੈਂ ਧੂਣੀ ਲਈ ਭਖਾ।
ਅੱਜ ਤੇਰਾ ਜਿਸਮ, ਮੇਰਾ ਜਿਸਮ,
ਹੋ ਗਏ ਵਸਲਾਂ ਤੋਂ ਦੂਰ,
ਦੱਸ ਸਮੇਂ ਗਏ ਉਹ ਕਿੱਥੇ,
ਜਦੋਂ ਅਸੀਂ ਰਲ ਬਹਿੰਦੇ ਸਾਂ,
ਖਿੜਦਾ ਸੀ ਅਜਬ ਸਰੂਰ।
ਮੈਂ ਤੈਨੂੰ ਨਹੀਂ ਤੱਕ ਸਕਦਾ,
ਅਤੇ ਤੂੰ ਮੈਨੂੰ ਨਹੀਂ ਤੱਕ ਸਕਦੀ,
ਉਸ ਸਮੇਂ ਦਾ ਇਸ ਸਮੇਂ ਵਿਚ,ਤੇਰੀ ਅੱਖ ਦਾ,

ਨੂਰ ਗੁਵਾਚਾ ਹੱਥ ਨਹੀਨ ਆਉਣਾ,
ਉਸ ਨੂਰ ਦੇ ਬਣ ਅੰਗਿਆਰੇ,

ਮਚ ਗਏ ਵਾਂਗ ਤੰਦੂਰ।
ਕਰ ਜਿਗਰਾ ਹੁਣ ,ਮਲਹਾਰ'
ਤੂੰ ਯਾਦ ਕਾਲਜੇ ਲਾਈ ਚੱਲ,
ਜੋ ਸਮਾਂ ਅੱਜ ਬਣ ਗਿਆ,ਮਿਤਰਾ,
ਇਸ ਸਮੇਂ ਦੀ ਕੈਦ ,ਚ ਰਹਿਕੇ,
ਕੋਈ ਯਾਦ ਪੁਰਾਣੀ ਲੈ ਕੇ,
ਸੁਪਨੇ ਦੇ ਵਿਚ ਮਿਲ ਲਿਆ ਕਰ।

## ਸ਼ੂਗਰ ਮਿੱਲ

ਕੀ ਸਿਫਤ ਕਰਾਂ ਮੈਂ ਬਣਾਉਣ ਵਾਲੇ,
ਕਿਵੇਂ ਮਿੱਲਾਂ ਤੂੰ ਇਹ ਬਣਾਈ ਜਾਂਵੇਂ,
ਹੱਡੀਆਂ ਪਸਲੀਆਂ ਕਰ ਇਕੱਠੀਆ ਤੂੰ,
ਕਿਵੇਂ ਜਾਨ ਇਨ੍ਹਾਂ ਵਿਚ ਪਾਈ ਜਾਂਵੇਂ।
ਮਿੱਲ ਵੇਖਣ ਨੂੰ ਸੱਜਨ ਇੱਕ ੳ ਵੜਿਆ,
ਵੇਖ ਢਾਂਚੇ ਨੂੰ ਐਵੇਂ ਘਬਰਾਈ ਜਾਵੇ,
ਕਿਤੇ ਸਟੀਮ ਦੀ ਆਵਾਜ਼ ਕਿਤੇ ਵੱਜੇ ਹੂਟਰ,
ਕਿਤੇ ਪੈਣ ਵੀ ਸੀਟੀ ਵਜਾਈ ਜਾਵੇ।
ਮਿੱਲ ਹਾਊਸ ਦੀ ਸੁਣੀ ਆਵਾਜ਼ ਜੀ.ਐਮ,
ਬੈਠਾ ਦਫਤਰੇ ਤਾੜੀ ਵਜਾਈ ਜਾਵੇ।
ਖੰਡ ਵੇਖ ਕੇ ਪੀ.ਕੇ.ਯੂ.ਐਲ ਦੀ,
ਕਹਿੰਦਾ ਪਈ ਇਹ ਤਾਂ ਹੱਥ ਤੇ ਸਰ੍ਹੋਂ ਜਮਾਈ ਜਾਵੇ।
ਇਕੱਲੀ ਇੱਕਲੀਕਿਵੇਂ ਬੋਰੀ ਮੈਂ ਕਿਵੇਂ ਭਰਦੀ,
ਭਰ ਭਰ ਧਾਂਕਾਂ,ਕਿਵੇਂ ਲਗਾਈ ਜਾਵੇ।
ਵੇਖੇ ਖੁਸ਼ ਮੁਲਾਜ਼ਮ ਬਈ ਮਿੱਲ ਦੇ ਮੈਂ ,
ਇੱਕ ਦੂਜੇ ਨੂੰ ਜੱਫੀਆ ਪਾਈ ਜਾਵੇ।
ਬੌਇਲਰ ਵੇਖਿਆ ਪਹਿਲੀ ਵਾਰ ਬਈ ਮੈਂ,
ਨਾਲ ਸਟੀਮ ਦੇ ਮਿੱਲ ਚਲਾਈ ਜਾਵੇ।
ਟਰਬਾਈਨ ਵੇਖੀ,ਮਲਹਾਰ' ਹੈਰਾਨ ਹੋਇਆ,
ਬਿਨਾਂ ਬਿਜਲੀ ਦੇ ਬਿਜਲੀ ਬਣਾਈ ਜਾਵੇ।

**ਮਲਹਾਰ ਸਿੰਘ ਜਰਮਨੀ**

## ਇਕ ਸੀ ਕਵੀ

(ਸਵ. ਕਵੀ ਦੀਵਾਨ ਸਿੰਘ ਮਹਿਰਮ ਨੂੰ ਸਮਰਿਤ)

ਇਕ ਸੀ ਕਵੀ ਪਿਆਰਾ ਮਹਿਰਮ,
ਕਵਿਤਾ ਦਾ ਵਣਜਾਰਾ ਮਹਿਰਮ।

ਉਹ ਸਾਹਿਤ ਦੇ ਸੰਸਾਰ ਦੇ ਅੰਦਰ,
ਸ਼ਾਇਰ ਬੜਾ ਨਿਆਰਾ ਮਹਿਰਮ।

ਨਵੀਆਂ ਲਿਖਤਾਂ ਲਿਖਣ ਵਾਸਤੇ,
ਕਰਦਾ ਰਿਹਾ ਸੀ ਚਾਰਾ ਮਹਿਰਮ।

ਉਹ ਰੰਗ ਰਲੀਆਂ ਦੁਨੀਆ ਉਤੇ,
ਤੱਕਦਾ ਰਿਹਾ ਨਜ਼ਾਰਾ ਮਹਿਰਮ।

ਛੈਲ ਛਬੀਲੀ ਸੂਰਤ ਵਾਲਾ,
ਬਣਿਆ ਕਵੀ ਸਿਤਾਰਾ ਮਹਿਰਮ।

ਉਸਤਾਦੀ ਦਾ ਸ਼ੌਂਕ ਨਾ ਰੱਖੇ,
ਨਾ ਕੋਈ ਪਾਏ ਖਿਲਾਰਾ ਮਹਿਰਮ।

ਬਿਆਸ ਨਦੀ ਦਾ ਮੂੰਹ ਮੋੜ ਗਿਆ,
ਬਣ ਕੇ ਨਦੀ ਕਿਨਾਰਾ ਮਹਿਰਮ।

ਊਧਮ ਸਿੰਘ ਦੀ ਵਾਰ ਲਿਖੀ ਜਦ,
ਛੱਡਿਆ ਇਕ ਜੈਕਾਰਾ ਮਹਿਰਮ।

ਲਿਖ ਕੇ ਵਧੀਆ ਕਵਿਤਾ ਗਜ਼ਲਾਂ,
ਵਾਂਗਰ ਸੀ ਧ੍ਰੂ ਤਾਰਾ ਮਹਿਰਮ।

ਪਾਣੀ ਤੇ ਪਾ ਗਿਆ ਲਕੀਰਾਂ,
ਰੂਹਾਂ ਤੇ ਲਿਸ਼ਕਾਰਾ ਮਹਿਰਮ।

"ਸੁਹਲ" ਮਸਤੀ ਦੇ ਵਿਚ ਰਹਿਕੇ,
ਭਰਦਾ ਰਿਹਾ ਹੁੰਗਾਰਾ ਮਹਿਰਮ।

## ਏਧਰ ਵੀ ਤੇ ਓਧਰ ਵੀ

ਧੀਆਂ ਆਪਣਾ ਫਰਜ਼ ਨਿਭਾਵਣ,
ਏਧਰ ਵੀ ਤੇ ਓਧਰ ਵੀ।

ਕਿਉਂ ਨਾ ਸਾਰੇ ਖੁਸ਼ੀ ਮਨਾਵਣ,
ਏਧਰ ਵੀ ਤੇ ਓਧਰ ਵੀ।

ਮਾਂ ਬਾਪ ਤੇ ਭੈਣ ਭਰਾ,
ਰੱਜ ਕੇ ਤੈਨੂੰ ਕਰਨ ਪਿਆਰ,

ਆਪਣੇ ਪੁਰਖਾਂ ਦੇ ਸੰਦੇਸ਼,
ਦਿਲ ਵਿਚ ਬੀਬਾ ਸਾਂਭ ਕੇ ਰੱਖੀਂ,

ਫਿਰ ਠੰਡੀ ਵਾਅ ਦੇ ਬੁੱਲੇ ਆਵਣ,
ਏਧਰ ਵੀ ਤੇ ਓਧਰ ਵੀ।

ਸੌ ਹੱਥ ਰੱਸਾ ਗੰਢ ਸਿਰੇ ਤੇ,
ਤੂੰ ਵੇਖੀਂ ਕਿਧਰੇ ਖੁਲ੍ਹ ਨਾ ਜਾਵੇ,

"ਸੁਹਲ" ਤੇਰੇ ਸੋਹਲੇ ਗਾਵਣ,
ਧੀਆਂ ਆਪਣਾ ਫਰਜ਼ ਨਿਭਾਵਣ,
ਏਧਰ ਵੀ ਤੇ ਓਧਰ ਵੀ।

## ਬਚਾ ਕੇ ਰੱਖੀਂ

ਧੁਰ ਅੰਦਰੋਂ ਰਚਨਾਂਵਾਂ ਲਿਖੀਆਂ,
ਦਿਲ ਦੇ ਵਿਚ ਟਿਕਾ ਕੇ ਰੱਖੀਂ।
ਐਵੇਂ ਨਾ ਕਿਤੇ ਗੁੰਮ ਹੋ ਜਾਵਣ,
ਪੜ੍ਹ ਕੇ ਅਤੇ ਸੁਣਾ ਕੇ ਰੱਖੀਂ।

ਇਹ ਤੇਰਾ ਅਨਮੋਲ ਖ਼ਜ਼ਾਨਾ,
ਵੇਖੀਂ ਕਿਧਰੇ ਗੁੰਮ ਨਾ ਜਾਵੇ,
ਕੀੜੇ-ਪਤੰਗੇ ਖਾ ਨਾ ਜਾਵਣ,
ਚੰਗੀ ਤਰ੍ਹਾਂ ਬਚਾ ਕੇ ਰੱਖੀਂ।

ਚੰਗੀਆਂ ਲਿਖਤਾਂ ਪੜ੍ਹਕੇ ਲੋਕੀਂ,
ਚੰਗੇ ਵੀ ਤਾਂ ਬਣ ਸਕਦੇ ਨੇ,
ਤੂੰ ਸੁੱਤੇ ਹੋਇਆ ਲੋਕਾਂ ਤਾਂਈਂ,
ਕਵਿਤਾ ਪੜ੍ਹੀਂ, ਜਗਾ ਕੇ ਰੱਖੀਂ।

ਕਲਮ ਤੇਰੀ ਨੇ ਸ਼ਬਦ ਲਿਖੇ ਜੋ,
ਪੜ੍ਹ ਕੇ ਲੋਕੀਂ ਕਰਨ ਵਿਚਾਰਾਂ,
ਵੇਖੀਂ ਜੇ ਤੂੰ ਮਾੜਾ ਲਿਖਿਆ,
ਤਾਂ ਫਿਰ ਨਜ਼ਰ ਝੁਕਾ ਕੇ ਰੱਖੀਂ।

ਕੱਚੀਆਂ ਸੋਚਾਂ, ਫੋਕੀਆਂ ਲਿਖਤਾਂ,
ਐਸੀਆਂ ਲਿਖਤਾ ਦਾ ਕੀ ਲਿਖਣਾ,

ਆਪਣੇ ਹਰ ਇਕ ਅੱਖਰ ਤਾਂਈਂ ,
ਚੰਗੀ ਤਰਾਂ ਪਕਾ ਕੇ ਰਖੀਂ।

ਸੱਚੀਆਂ ਸੁੱਚੀਆਂ ਲਿਖਤਾਂ ਲਿਖ,
ਮਾਨਵਤਾ ਦਾ ਕੱਦ ਵਧਾਈਂ,
ਸ਼ੋਹਰਤ ਬਦਲੇ ਵਿਕ ਨਾ ਜਾਵੀਂ,
ਆਪਨਾ ਦਿਲ ਸਮਝਾ ਕੇ ਰਖੀਂ।

ਥੋੜ੍ਹੇ ਵਿਚ ਗੁਜ਼ਾਰਾ ਕਰ ਲਈਂ,
ਮਨ ਦੀ ਭਟਕਣ ਛਡ ਕੇ ਰਖੀਂ,
ਅੱਰਥ ਬੜੇ ਨੇ ਛੋਟੀ ਗਲ ਦੇ,
ਬਹੁਤੀ ਨਾ ਲਮਕਾ ਕੇ ਰਖੀਂ।

ਬੇਈਮਾਨ ਤੇ ਚੁਗਲਖ਼ੋਰ ਨੂੰ,
ਵੇਖੀਂ ਕਿਧਰੇ ਮੂੰਹ ਨਾ ਲਾਂਵੀਂ,
ਅਕ੍ਰਿਤਘਣ ਜਿਹੇ ਬੰਦੇ ਤਾਈਂ,
ਥੋੜਾ ਕੁ ਧੱਮਕਾ ਕੇ ਰੱਖੀਂ।

ਹੁਣ ਸੁੱਤੇ ਨੇ ਜੋ ਕਲਮਾਂ ਵਾਲੇ,
ਨੀਂਦ ਉਨ੍ਹਾਂ ਦੀ ਖ੍ਹੋਲ ਜ਼ਰਾ ਤੂੰ,
ਗੀਤ ਲਿਖੇ ਜੋ ਲੱਚਰਤਾ ਦੇ,
ਉਨ੍ਹਾਂ ਨੂੰ ਸਮਝਾ ਕੇ ਰੱਖੀਂ,

ਗੀਤ ਗ਼ਜ਼ਲ ਕਵਿਤਾਵਾਂ ਲਿਖ,
"ਸੁਹਲ" ਨੇਕ ਸਲ੍ਹਾਵਾਂ ਲਿਖ,
ਸ਼ਬਦਾਂ ਦੀ ਟਕਸਾਲ ਦੇ ਉੱਤੇ,
ਹਰ ਸ਼ਿਅਰ ਟੁਣਕਾ ਕਿ ਰੱਖੀਂ।

## ਵਸਦਾ ਪੰਜਾਬ ਚਾਹੀਦਾ

ਸਾਨੂੰ ਹੱਸਦਾ ਤੇ ਵਸਦਾ ਪੰਜਾਬ ਚਾਹੀਦਾ,
ਹਰ ਘਰ ਖਿੜਿਆ ਗੁਲਾਬ ਚਾਹੀਦਾ।

ਖੇਤੀਂ ਹੋਵੇ ਹਰਿਆਲੀ,ਝੂਮੇ ਇਕ ਇਕ ਡਾਲੀ,
ਫਸਲ ਕਿਸਾਨ ਨੇ ਹੈ ਪੁੱਤਾਂ ਵਾਂਗ ਪਾਲੀ,
ਦਾਣੇ ਦਾਣੇ ਦਾ ਰੱਖਣਾ ਹਿਸਾਬ ਚਾਹੀਦਾ।
ਸਾਨੂੰ ਹੱਸਦਾ ਤੇ ਵੱਸਦਾ ਪੰਞਾਬ ਚਾਹੀਦਾ।
ਹਰ ਘਰ ਖਿੜਿਆ ਗੁਲਾਬ ਚਾਹੀਦਾ।

ਨਸ਼ੇ ਛੱਡ ਦਿਓ ਜਵਾਨੋ,ਗੱਲ ਸੁਣੋ ਖੱਬੀ ਖਾਨੋ,
ਹੁਣ ਪੈ ਜਾਓ ਸਿੱਧੇ ਰਾਹੇ,ਗੱਲ ਸਮਝੋ ਨਾਦਾਨੋ,
ਲੈਣਾ ਜ਼ਿੰਦਗੀ ਚ ਵਧੀਆਂ ਖ਼ੁਆਬ ਚਾਹੀਦਾ,
ਸਾਨੂੰ ਹੱਸਦਾ ਤੇ ਵੱਸਦਾ ਪੰਜਾਬ ਚਾਹੀਦਾ।
ਹਰ ਘਰ ਖਿੜਿਆ ਗੁਲਾਬ ਚਾਹੀਦਾ।

ਸਾਡੇ ਧਰਮਾਂ ਦੇ ਵਿਚ,ਨਾ ਕੋਈ ਪਾਵੇ ਵੰਡੀਆਂ,
ਸਦਾ ਪਿਆਰ ਦੀਆਂ ਵਗਣ ਹਵਾਵਾਂ ਠੰਡੀਆਂ।
ਸਾਂਝੀ ਵਾਲਤਾ ਦਾ "ਸੁਹਲ" ਖਿਤਾਬ ਚਾਹੀਦਾ।
ਸਾਨੂੰ ਹੱਸਦਾ ਤੇ ਵੱਸਦਾ ਪੰਜਾਬ ਚਾਹੀਦਾ।
ਹਰ ਘਰ ਖਿੜਿਆ ਗੁਲਾਬ ਚਾਹੀਦਾ।

**ਮਲਕੀਅਤ "ਸੁਹਲ"**
**ਪਿੰਡ ਨੌਸ਼ਹਿਰਾ ਬਹਾਦਰ ,ਗੁਰਦਾਸ ਪੁਰ**
**ਫੋਨ 9872848610**

# ਵਰਤਮਾਨ ਦਾ ਲਾਭ ਉਠਾਈਏ

(1)

ਤੂੰ ਵੀ ਚੱਲ ਤੇ ਮੈਂ ਵੀ ਚੱਲਾਂ,
ਬੈਠ ਕਿਤੇ ਕੱਝ ਕਰੀਏ ਗੱਲਾ।
ਛੱਡ ਪਰ੍ਹਾਂ ਹੁਣ ਜੋ ਵੀ ਹੋਇਆ,
ਕੁੱਝ ਨਹੀਂ ਬਨਣਾ ਰੋਣੇ ਰੋਇਆਂ,
ਹੱਸ ਖੇਡ ਕੇ ਵਕਤ ਟਪਾਈਏ,
ਵਰਤ ਮਾਨ ਦਾ ਲਾਭ ਉਠਾਈਏ।

(2)

ਚੱਕਰ

ਧਰਤੀ ਘੁੰਮੇ ਸੂਰਜ ਘੁੰਮੇ,
ਘੁੰਮਣ ਚੰਨ ਸਿਤਾਰੇ,
ਵੋਟਾਂ ਖਾਤਰ ਨੇਤਾ ਘੰਮੇ,
ਨਾਲੇ ਨੋਟ ਖਿਲਾਰੇ,
ਵੋਟਾਂ ਮਗਰੋਂ ਨੇਤਾ ਪਿੱਛੇ,
ਵੋਟਰ ਚੱਕਰ ਮਾਰੇ,
ਛੋਟਿਆਂ ਚੱਕਰ ,ਵੱਡਿਆਂ ਚੱਕਰਾਂ,
ਹਰ ਥਾਂ,ਪੈਰ ਪਸਾਰੇ

(3)

ਸੋਚ ਆਪੋ ਆਪਣੀ
ਕਈ ਪਏ ਵੇਖਣ ਸਿੱਧਾ ਸ਼ੀਸ਼ਾ,
ਕਈ ਪਏ ਵੇਖਣ ਉਲਟਾ ਸ਼ੀਸ਼ਾ,
ਸਭ ਦੇ ਮਨ ਦੀ ਜਾਣੇ ਸ਼ੀਸ਼ਾ,
ਬਦਲੇ ਕਈ ਟਿਕਾਣੇ ਸ਼ੀਸ਼ਾ।
ਕਈ ਆਖਣ ਇਹ ਸੱਚਾ ਸ਼ੀਸ਼ਾ,
ਕਈ ਆਖਣ ਇਹ ਝੂਠਾ ਸ਼ੀਸ਼ਾ,
ਹਰ ਇਕ ਦੀ ਹੈ ਸੋਚ ਆਪਣੀ,
ਸਿੱਧਾ ਹੋਵੇ ਪੁੱਠਾ ਸ਼ੀਸ਼ਾ।

(4)

ਸਮਝ ਨਾ ਆਵੇ
ਥਾਂ ਥਾਂ ਰੱਬ ਦੇ ਰੂਪ ਅਨੇਕਾਂ,
ਇੱਕ ਰੱਬ ਮੰਗਤਾ,
ਇੱਕ ਰੱਬ ਦਾਤਾ,
ਇੱਕ ਰੱਬ ਕਾਤਿਲ.
ਇੱਕ ਰੱਬ ਮੁਨਸਿਫ,
ਇੱਕ ਰੱਬ ਮੋਇਆ,
ਇੱਕ ਰੱਬ ਜ਼ਿੰਦਾ,
ਰੱਬ ਦੀ ਛੁਰੀ ,
ਤੇ ਰੱਬ ਦਾ ਗਲਾ,
ਇੱਕ ਰੱਬ ਮੰਗਦਾ,
ਸੱਭ ਦਾ ਭਲਾ।
ਸਮਝ ਨਾ ਆਵੇ,
ਕਿਹੜੀ ਨੁਕਰੇ,
ਇੱਸ ਬੰਦੇ ਵਿੱਚ,
ਰੱਬ ਹੈ ਖਲਾ।

www.PunjabiLibrary.com

**ਰਵੇਲ ਸਿੰਘ ਇਟਲੀ**
**ਪਿੰਡ ਬਹਾਦਰ ਨੌਸ਼ਹਿਰਾ,ਗੁਰਦਾਸਪੁਰ**
**+327238227**

www.PunjabiLibrary.com